**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਅਮਰੀਕਾ 'ਚ ਭਾਰਤੀ ਮੂਲ ਦੇ ਪਤੀ-ਪਤਨੀ ਵਿਰੁੱਧ ਗੈਰਇਰਾਦਤਨ ਹੱਤਿਆ ਦਾ ਦੋਸ਼ 04

**ਅੰਦਰਲੀ ਖ਼ਬਰ**
ਪੀਐੱਸਬੀ ਸੀਨੀਅਰਜ਼ ਕਲੱਬ ਨੇ 'ਮਲਟੀਕਲਚਰਲ ਡੇਅ ਸਮਾਗਮ' ਦੌਰਾਨ ਦੰਦਾਂ ਦੀ ਸੰਭਾਲ ਬਾਰੇ ਕੀਤਾ ਸੈਮੀਨਾਰ ਦਾ ਆਯੋਜਨ



08

**ਲੇਖ**
ਕਿਸਾਨ ਅੰਦੋਲਨ : ਵਖਤੋਂ ਖੁੰਝੀ ਡੂੰਮਣੀ ਗਾਹੇ ਆਲ ਪਤਾਲ !





PUNJABSTAR.COM


# ਪੰਜਾਬ ਸਟਾਰ

Phone: 905-673-7666 , Fax: 1-289-206-8611
12 ਦਸੰਬਰ ਤੋਂ 18 ਦਸੰਬਰ, 2024
Email :- editor@punjabstar.com, Vo. 20. Issue:1163




# ਗਾਜ਼ਾ 'ਤੇ ਹਮਲੇ 'ਚ 29 ਵਿਅਕਤੀ ਹਲਾਕ

## ਦਹਿਸ਼ਤਗਰਦਾਂ ਨੇ ਇਜ਼ਰਾਈਲ 'ਤੇ ਦਾਗ਼ੇ ਚਾਰ ਰਾਕੇਟ



ਦੀਰ ਅਲ-ਬਲਾਹ (ਪੰਜਾਬ ਸਟਾਰ ਬਿਊਰੋ): ਇਜ਼ਰਾਈਲ ਵੱਲੋਂ ਗਾਜ਼ਾ ਪੱਟੀ 'ਤੇ ਕੀਤੇ ਹਮਲੇ 'ਚ 29 ਵਿਅਕਤੀ ਮਾਰੇ ਗਏ ਹਨ। ਇਨ੍ਹਾਂ 'ਚ ਇਜ਼ਰਾਈਲ ਨਾਲ ਲਗਦੀ ਸਰਹੱਦ ਨੇੜਲੇ ਕਸਬੇ ਬੇਇਤ ਲਾਹੀਆ ਦੇ ਘਰ 'ਤੇ ਕੀਤਾ ਗਿਆ ਹਮਲਾ ਵੀ ਸ਼ਾਮਲ ਹੈ, ਜਿਥੇ 19 ਵਿਅਕਤੀ ਹਲਾਕ ਹੋਏ ਹਨ। ਫਲਸਤੀਨੀ ਮੈਡੀਕਲ ਅਧਿਕਾਰੀਆਂ ਮੁਤਾਬਕ ਇਸ ਘਰ 'ਚ ਲੋਕਾਂ ਨੇ ਪਨਾਹ ਲਈ ਹੋਈ ਸੀ। ਮ੍ਰਿਤਕਾਂ 'ਚ ਪੱਤਰਕਾਰ ਇਮਾਨ ਅਲ-ਸ਼ਾਂਤੀ, ਉਸ ਦਾ ਪਤੀ ਅਤੇ ਤਿੰਨ ਬੱਚੇ ਵੀ ਸ਼ਾਮਲ ਹਨ। ਗਾਜ਼ਾ 'ਚ ਜੰਗ ਸ਼ੁਰੂ ਹੋਣ ਮਗਰੋਂ ਹੁਣ ਤੱਕ 193 ਪੱਤਰਕਾਰਾਂ ਦੀ ਮੌਤ ਹੋ ਚੁੱਕੀ ਹੈ। ਇਜ਼ਰਾਇਲੀ ਫੌਜ ਨੇ ਦਾਅਵਾ ਕੀਤਾ ਕਿ ਉਨ੍ਹਾਂ ਇਕ ਵੱਖਰੇ ਹਵਾਈ * ਬਾਕੀ ਸਫਾ 2 'ਤੇ

## ਕੈਨੇਡਾ 'ਚ ਪੰਜਾਬੀਆਂ 'ਤੇ ਹੋ ਰਹੇ ਨਸਲੀ ਹਮਲੇ ਜਾਂ ਵਾਪਰ ਰਹੀਆਂ ਘਟਨਾਵਾਂ ?



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡੀਅਨ ਸਿੱਖਾਂ, ਖਾਸ ਕਰਕੇ ਦਸਤਾਰਾਂ ਸਜਾਉਣ ਅਤੇ ਦਾੜ੍ਹੀ ਰੱਖਣ ਵਾਲਿਆਂ ਖਿਲਾਫ ਨਸਲਵਾਦ ਅਤੇ ਨਫ਼ਰਤੀ ਅਪਰਾਧਾਂ ਦੀਆਂ ਵਧਦੀਆਂ ਘਟਨਾਵਾਂ ਨੇ ਭਾਰਤ ਵਿੱਚ ਚਿੰਤਾਵਾਂ ਵਧਾ ਦਿੱਤੀਆਂ ਹਨ। ਖਾਸ ਕਰਕੇ ਉਹਨਾਂ ਮਾਪਿਆਂ ਵਿੱਚ ਬਹੁਤ ਚਿੰਤਾ ਹੈ ਜਿਨ੍ਹਾਂ ਦੇ ਬੱਚੇ ਕੈਨੇਡਾ ਵਿੱਚ ਪੜ੍ਹ ਰਹੇ ਹਨ ਜਾਂ ਵਰਕ ਪਰਮਿਟ 'ਤੇ ਹਨ। ਲਗਾਤਾਰ ਵਾਪਰ ਰਹੀਆਂ ਕੁੱਟਮਾਰ ਤੇ ਕਤਲ ਦੀਆਂ ਘਟਨਾਵਾਂ ਨੇ ਪੰਜਾਬੀ ਭਾਈਚਾਰੇ ਨੂੰ ਚਿੰਤਾ 'ਚ ਪਾ ਦਿੱਤਾ ਹੈ।

ਕੈਨੇਡਾ ਦੀ ਧਰਤੀ 'ਤੇ ਨਸਲੀ ਹਮਲੇ ਕੋਈ ਨਵਾਂ ਮਾਮਲਾ ਨਹੀਂ ਹੈ ਇਹ 1907 ਤੋਂ ਚੱਲਦਾ ਆ ਰਿਹਾ ਹੈ ਤੇ ਹੁਣ ਇਹਨਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਦਰਅਸਲ 1907 ਦੇ ਬੇਲਿੰਘਮ ਨਸਲੀ ਦੰਗੇ ਨੇ ਜ਼ਿਆਦਾਤਰ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਦਾ ਕੈਨੇਡਾ ਅਤੇ ਪੈਸੀਫਿਕ ਉੱਤਰ-ਪੱਛਮ ਵਿਚ ਪਰਵਾਸੀ ਵਿਰੋਧੀ ਭਾਵਨਾਵਾਂ 'ਤੇ ਵੀ ਅਸਰ ਪਿਆ ਸੀ, ਇਸ ਭਾਵਨਾ ਨੂੰ 1914 ਦੀ ਕਾਮਾਗਾਟਾਮਾਰੂ ਘਟਨਾ ਦੁਆਰਾ ਹੋਰ ਉਜਾਗਰ ਕੀਤਾ ਗਿਆ ਸੀ ਜਦੋਂ 376 ਭਾਰਤੀ ਯਾਤਰੀਆਂ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਭਾਰਤ ਵਾਪਸ ਜਾਣ ਦਾ ਆਦੇਸ਼ ਦਿੱਤਾ ਗਿਆ ਸੀ, * ਬਾਕੀ ਸਫਾ 2 'ਤੇ

# ਹੁਣ ਅਮਰੀਕਾ 'ਚ ਜਨਮ ਲੈਣ 'ਤੇ ਨਹੀਂ ਮਿਲੇਗੀ ਨਾਗਰਿਕਤਾ !



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹੋਰ ਵੱਡਾ ਐਲਾਨ ਕੀਤਾ ਹੈ। ਟਰੰਪ ਨੇ ਅਮਰੀਕਾ ਦੇ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਨੂੰ ਖਤਮ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਜਦੋਂ ਉਹ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਣਗੇ, ਤਾਂ ਉਹ ਇਸ ਕਾਨੂੰਨ ਨੂੰ ਬਦਲ ਦੇਣਗੇ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਸ ਦਾ ਅਸਰ ਅਮਰੀਕਾ 'ਚ ਰਹਿ ਰਹੇ ਲੱਖਾਂ ਭਾਰਤੀਆਂ 'ਤੇ ਪਵੇਗਾ। ਜਨਮ ਅਧਿਕਾਰ ਨਾਗਰਿਕਤਾ ਦਾ ਮਤਲਬ ਹੈ ਕਿ ਅਮਰੀਕਾ ਵਿਚ ਪੈਦਾ ਹੋਇਆ ਕੋਈ ਵੀ ਵਿਅਕਤੀ ਆਪਣੇ ਆਪ ਹੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ। * ਬਾਕੀ ਸਫਾ 2 'ਤੇ

## ਡੋਨਾਲਡ ਟਰੰਪ ਨੇ ਹਰਮੀਤ ਕੌਰ ਢਿੱਲੋਂ ਨੂੰ ਸਹਾਇਕ ਅਟਾਰਨੀ ਜਨਰਲ ਵਜੋਂ ਕੀਤਾ ਨਾਮਜ਼ਦ

(ਪੰਜਾਬ ਸਟਾਰ ਬਿਊਰੋ)
ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ-ਅਮਰੀਕੀ ਹਰਮੀਤ ਢਿੱਲੋਂ ਨੂੰ ਨਿਆਂ ਵਿਭਾਗ ਵਿੱਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ ਕੀਤਾ ਹੈ। ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਟਰੰਪ ਨੇ ਲਿਖਿਆ ਕਿ, ''ਮੈਂ ਹਰਮੀਤ ਕੇ. ਢਿੱਲੋਂ ਨੂੰ ਅਮਰੀਕੀ ਨਿਆਂ ਵਿਭਾਗ ਵਿੱਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ ਕਰਕੇ ਖੁਸ਼ ਹਾਂ।'' * ਬਾਕੀ ਸਫਾ 2 'ਤੇ



# ਮਸਕ ਦਾ ਟਰੂਡੋ 'ਤੇ ਪਲਟਵਾਰ

### * ਕਿਹਾ-ਜਲਦ ਹੋਣਗੇ ਸੱਤਾ ਤੋਂ ਬਾਹਰ
### * ਟਰੰਪ ਨੇ ਟਰੂਡੋ ਦਾ ਉਡਾਇਆ ਮਜ਼ਾਕ

ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ)- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਦੋਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਕਮਲਾ ਹੈਰਿਸ ਦੀ ਹਾਰ 'ਤੇ ਦੁੱਖ ਪ੍ਰਗਟ ਕੀਤਾ ਤਾਂ ਐਲੋਨ ਮਸਕ ਨੇ ਉਨ੍ਹਾਂ 'ਤੇ ਪਲਟਵਾਰ ਕੀਤਾ। ਮਸਕ ਨੇ ਕਿਹਾ ਕਿ ਉਹ ਵੀ ਜਲਦ ਸੱਤਾ ਤੋਂ ਬਾਹਰ ਹੋ ਜਾਣਗੇ।

ਕੈਨੇਡਾ ਵਿੱਚ ਇਕਵਲ ਵੌਇਸ ਫਾਊਂਡੇਸ਼ਨ ਵੱਲੋਂ ਕਰਵਾਏ ਇੱਕ ਸਮਾਗਮ ਵਿੱਚ ਟਰੂਡੋ ਨੇ ਕਿਹਾ ਕਿ ਔਰਤਾਂ ਦੀ ਤਰੱਕੀ ਵਿਰੁੱਧ ਕਈ ਤਾਕਤਾਂ ਲੜ ਰਹੀਆਂ ਹਨ ਜੋ ਨਹੀਂ ਚਾਹੁੰਦੀਆਂ ਕਿ ਉਹ ਅੱਗੇ ਵਧਣ ਪਰ ਅਜਿਹਾ ਨਹੀਂ ਹੋਣਾ ਚਾਹੀਦਾ। ਟਰੂਡੋ ਨੇ ਕਿਹਾ ਕਿ ਅਜਿਹਾ ਉੱਥੇ (ਅਮਰੀਕਾ) ਨਹੀਂ ਹੋਣਾ ਚਾਹੀਦਾ ਸੀ। ਭਾਵੇਂ ਇਹ ਕਈ ਵਾਰ ਮੁਸ਼ਕਲ ਹੋ ਸਕਦਾ ਹੈ, ਪਰ ਸਾਨੂੰ ਲਗਾਤਾਰ ਤਰੱਕੀ ਵੱਲ ਵਧਣਾ ਚਾਹੀਦਾ ਹੈ। ਟਰੂਡੋ ਨੇ ਕਿਹਾ ਕਿ ਉਹ ਮਾਣ ਵਾਲੀ ਨਾਰੀਵਾਦੀ (ਪਰੌਦ ਡਇਮਿਨਿਸਟ) ਹੈ ਅਤੇ ਹਮੇਸ਼ਾ ਰਹੇਗੀ। ਉਨ੍ਹਾਂ ਅੱਗੇ ਕਿਹਾ ਕਿ ਅਮਰੀਕਾ ਵਿੱਚ ਕੁਝ ਹਫ਼ਤੇ ਪਹਿਲਾਂ ਹੀ ਰਾਸ਼ਟਰਪਤੀ ਦੀਆਂ ਚੋਣਾਂ ਹੋਈਆਂ ਸਨ ਪਰ ਅਮਰੀਕਾ ਨੇ ਆਪਣੀ ਪਹਿਲੀ ਮਹਿਲਾ ਰਾਸ਼ਟਰਪਤੀ ਨਾ * ਬਾਕੀ ਸਫਾ 2 'ਤੇ



## ਟਰੂਡੋ ਸਰਕਾਰ ਨੂੰ ਡੇਗਣ ਦੀ ਤੀਜੀ ਕੋਸ਼ਿਸ਼ ਵੀ ਹੋਈ ਨਾਕਾਮ



ਔਟਵਾ (ਪੰਜਾਬ ਸਟਾਰ ਬਿਊਰੋ): ਘੱਟ ਗਿਣਤੀ ਟਰੂਡੋ ਸਰਕਾਰ ਨੂੰ ਡੇਗਣ ਲਈ ਟੋਰੀ ਆਗੂ ਪਿਅਰੇ ਪੌਇਲੀਐਵ ਦੀ ਤੀਜੀ ਕੋਸ਼ਿਸ਼ ਵੀ ਨਾਕਾਮ ਰਹੀ ਅਤੇ ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨ.ਡੀ.ਪੀ. ਵੱਲੋਂ ਜੀ.ਐਸ.ਟੀ. ਪੱਕੇ ਤੌਰ 'ਤੇ ਹਟਾਉਣ ਲਈ ਲਿਆਂਦਾ ਮਤਾ ਵੀ ਮਾਤ ਖਾ ਗਿਆ। ਬੇਵਿਸਾਹੀ ਮਤੇ 'ਤੇ ਵੋਟਿੰਗ ਦੌਰਾਨ ਕੰਜ਼ਰਵੇਟਿਵ ਪਾਰਟੀ ਦੇ ਐਮ.ਪੀਜ਼, ਐਨ.ਡੀ.ਪੀ. ਵਾਲਿਆਂ ਦਾ ਮਖੌਲ ਉਡਾਉਂਦੇ ਦੇਖੇ ਗਏ। ਵੋਟਿੰਗ ਦੌਰਾਨ ਜਗਮੀਤ ਸਿੰਘ ਸਦਨ ਵਿਚ ਹਾਜ਼ਰ ਨਹੀਂ ਸਨ ਅਤੇ ਉਨ੍ਹਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਵੋਟ ਪਾਈ। ਜਗਮੀਤ ਸਿੰਘ ਪਹਿਲਾਂ ਹੀ ਆਖ ਚੁੱਕੇ ਸਨ ਕਿ ਉਹ ਕੰਜ਼ਰਵੇਟਿਵ ਪਾਰਟੀ ਦੀਆਂ ਚਾਲਾਂ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਇਹ ਵੇਲਾ ਚੋਣਾਂ ਦਾ ਨਹੀਂ ਅਤੇ ਲੋਕਾਂ ਨੂੰ ਜੀ.ਐਸ.ਟੀ. ਤੋਂ ਪੱਕੇ ਤੌਰ 'ਤੇ ਰਾਹਤ ਮਿਲਣੀ ਚਾਹੀਦੀ ਹੈ ਪਰ ਐਨ.ਡੀ.ਪੀ. * ਬਾਕੀ ਸਫਾ 2 'ਤੇ

# ਬਾਬਾ ਰਣਜੀਤ ਸਿੰਘ ਢੱਡਰੀਆਂਵਾਲੇ 'ਤੇ ਬਲਾਤਕਾਰ ਅਤੇ ਕਤਲ ਦੇ ਕੇਸ ਦਰਜ

(ਪੰਜਾਬ ਸਟਾਰ ਬਿਊਰੋ)
ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਪਟਿਆਲਾ ਆਸ਼ਰਮ 'ਚ ਸਾਲ 2012 'ਚ ਹੋਈ ਬੱਚੀ ਨਾਲ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਖ਼ਤ ਰੁਖ਼ ਤੋਂ ਬਾਅਦ ਪੰਜਾਬ ਸਰਕਾਰ ਹਰਕਤ ਵਿੱਚ ਆ ਗਈ ਹੈ। ਪੰਜਾਬ ਦੇ ਡੀਜੀਪੀ ਨੇ ਹਾਈ ਕੋਰਟ 'ਚ ਹਲਫ਼ਨਾਮਾ ਦਾਇਰ ਕਰਕੇ ਅਦਾਲਤ ਨੂੰ ਦੱਸਿਆ ਕਿ ਬਾਬਾ ਢੱਡਰੀਆਂਵਾਲਾ ਖ਼ਿਲਾਫ਼ 7 ਦਸੰਬਰ ਨੂੰ ਕਤਲ, ਬਲਾਤਕਾਰ ਅਤੇ ਅਪਰਾਧਿਕ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਗਏ ਹਨ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਇਸ ਮਾਮਲੇ 'ਚ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਗਏ ਹਨ, ਜਿਸ ਤੋਂ ਬਾਅਦ ਹਾਈਕੋਰਟ ਨੇ ਮਾਮਲੇ ਦੀ ਸੁਣਵਾਈ ਬੁੱਧਵਾਰ ਤੱਕ ਲਈ ਮੁਲਤਵੀ ਕਰ ਦਿੱਤੀ ਹੈ।

ਪਿਛਲੀ ਸੁਣਵਾਈ ਦੌਰਾਨ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ ਨੇ ਪੰਜਾਬ ਦੇ ਡੀਜੀਪੀ ਨੂੰ ਇਸ ਮਾਮਲੇ 'ਚ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤ ਨੇ ਇਹ ਵੀ ਪੁੱਛਿਆ ਹੈ ਕਿ * ਬਾਕੀ ਸਫਾ 2 'ਤੇ

## ਢੱਡਰੀਆਂਵਾਲੇ ਕੇਸ ਦੀ ਸੁਣਵਾਈ:
## ਰਣਜੀਤ ਸਿੰਘ ਨੇ ਸਾਰੇ ਦੋਸ਼ ਨਕਾਰੇ



ਪਟਿਆਲਾ (ਪੰਜਾਬ ਸਟਾਰ ਬਿਊਰੋ): ਸਾਲ 2012 'ਚ ਪਟਿਆਲਾ ਦੇ ਪ੍ਰਮੇਸ਼ਵਰ ਵੱਲੋਂ ਗੁਰਦੁਆਰਾ ਸਾਹਿਬ ਦੇ ਬਾਹਰ 22 ਸਾਲਾ ਲੜਕੀ ਦੀ ਮੌਤ ਦੇ ਮਾਮਲੇ ਦੀ ਅੱਜ ਹਾਈ ਕੋਰਟ 'ਚ ਸੁਣਵਾਈ ਹੋ ਰਹੀ ਹੈ। ਇੱਕ ਦਿਨ ਪਹਿਲਾਂ ਇਸ ਮਾਮਲੇ ਵਿੱਚ ਗੁਰਦੁਆਰਾ ਪਰਮੇਸ਼ਰ ਦੁਆਰ ਦੇ ਸੰਤ ਰਣਜੀਤ ਸਿੰਘ ਢੱਡਰੀਆਂਵਾਲੇ ਖ਼ਿਲਾਫ਼ ਬਲਾਤਕਾਰ ਅਤੇ ਕਤਲ ਦੇ ਦੋਸ਼ਾਂ ਤਹਿਤ ਇੱਕ ਨਵੀਂ ਐਫਆਈਆਰ ਦਰਜ ਕੀਤੀ ਗਈ ਸੀ।

ਪੰਜਾਬ ਦੇ ਡੀਜੀਪੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਹਲਫਨਾਮਾ ਦਾਖਲ ਕੀਤਾ ਹੈ। ਜਿਸ ਵਿੱਚ ਕਿਹਾ ਗਿਆ ਹੈ ਕਿ ਪਟਿਆਲਾ ਵਿੱਚ ਪਹਿਲਾਂ ਹੀ ਦਰਜ ਐਫਆਈਆਰ ਨੰਬਰ 208 ਤਹਿਤ * ਬਾਕੀ ਸਫਾ 2 'ਤੇ






ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2



Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010




ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ www.punjabstar.com

# ਡੱਲੇਵਾਲ ਨੂੰ ਕੁੱਝ ਹੋਇਆ ਤਾਂ ਕੇਂਦਰ ਨੂੰ ਝੱਲਣਾ ਪਊ ਨੁਕਸਾਨ: ਸਿਮਰਨਜੀਤ ਮਾਨ



ਨਾਭਾ: ਖਨੌਰੀ ਬਾਰਡਰ 'ਤੇ ਕਿਸਾਨੀ ਸੰਘਰਸ਼ ਵਿਚ ਡਟੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਵਿਗੜਦੀ ਜਾ ਰਹੀ ਐ, ਜਿਸ ਨੂੰ ਲੈ ਕੇ ਵੱਖ ਵੱਖ ਆਗੂਆਂ ਵੱਲੋਂ ਉਨ੍ਹਾਂ ਦੀ ਸਿਹਤ 'ਤੇ ਚਿੰਤਾ ਜਤਾਈ ਜਾ ਰਹੀ ਐ। ਇਸੇ ਦੇ ਚਲਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਕਿਸਾਨ ਆਗੂ ਡੱਲੇਵਾਲ ਦੀ ਸਿਹਤ 'ਤੇ ਚਿੰਤਾ ਜਤਾਈ ਗਈ ਐ ਅਤੇ ਰਵਨੀਤ ਬਿੱਟੂ ਵੱਲੋਂ ਦਿੱਤੇ ਬਿਆਨ ਦਾ ਜਵਾਬ ਵੀ ਦਿੱਤਾ ਗਿਆ ਏ।

ਸਿਮਰਨਜੀਤ ਸਿੰਘ ਮਾਨ ਵੱਲੋਂ ਵੀ ਡੱਲੇਵਾਲ ਦੀ ਵਿਗੜ ਰਹੀ ਸਿਹਤ 'ਤੇ ਚਿੰਤਾ ਜ਼ਾਹਿਰ ਕੀਤੀ ਗਈ ਐ। ਉਨ੍ਹਾਂ ਭਾਜਪਾ ਦੇ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਵੱਲੋਂ ਕਿਸਾਨਾਂ ਦੇ ਹੱਕ ਵਿਚ ਦਿੱਤੇ ਗਏ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਆਖਿਆ ਕਿ ਉਹ ਸਲਾਹਾਂ ਅਤੇ ਸੁਝਾਅ ਦੇਣ ਦੀ ਬਜਾਏ ਕੰਮ ਕਰਕੇ ਦਿਖਾਉਣ ਕਿਉਂਕਿ ਹੁਣ ਤਾਂ ਇੰਜਣ ਉਨ੍ਹਾਂ ਦੇ ਕੋਲ ਐ, ਬਸ ਸੀਟੀ ਮਾਰ ਦੇਣ ਤਾਂ ਹੱਲ ਹੋ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਡੱਲੇਵਾਲ ਦੀ ਸਿਹਤ ਕਾਫ਼ੀ ਖ਼ਰਾਬ ਹੋ ਚੁੱਕੀ ਐ, ਉਨ੍ਹਾਂ ਦੀ ਜ਼ਿੰਦਗੀ ਬਹੁਤ ਕੀਮਤੀ ਐ, ਜੇਕਰ ਉਨ੍ਹਾਂ ਨੂੰ ਕੁੱਝ ਹੋ ਗਿਆ ਤਾਂ ਕੇਂਦਰ ਸਰਕਾਰ ਨੂੰ ਇਸ ਦਾ ਨੁਕਸਾਨ ਭੁਗਤਣਾ ਪੈ ਸਕਦਾ ਏ। ਇਸ ਦੇ ਨਾਲ ਹੀ ਉਨ੍ਹਾਂ ਨੇ ਸੁਖਬੀਰ ਬਾਦਲ 'ਤੇ ਹੋਏ ਹਮਲੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਣਾਈ ਗਈ ਸਜ਼ਾ ਸਬੰਧੀ ਵੀ ਆਪਣੀ ਰਾਇ ਸਾਂਝੀ ਕੀਤੀ। ਦੱਸ ਦਈਏ ਕਿ ਸਿਮਰਨਜੀਤ ਸਿੰਘ ਮਾਨ ਨਾਭਾ ਵਿਖੇ ਪੁੱਜੇ ਹੋਏ ਸੀ, ਜਿੱਥੇ ਉਨ੍ਹਾਂ ਨੇ ਆਪਣੀ ਪਾਰਟੀ ਦੇ ਵਰਕਰਾਂ ਅਤੇ ਆਗੂਆਂ ਦੇ ਨਾਲ ਮੁਲਾਕਾਤ ਵੀ ਕੀਤੀ।

# ਦਿਲਜੀਤ ਦੋਸਾਂਝ ਦੱਖਣੀ ਏਸ਼ਿਆਈ ਮਸ਼ਹੂਰ ਹਸਤੀਆਂ ਦੀ ਸੂਚੀ ਵਿੱਚ ਪਹਿਲੇ ਸਥਾਨ 'ਤੇ



ਲੰਡਨ : ਪ੍ਰਸਿੱਧ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੇ ਲੰਡਨ ਵਿੱਚ ਆਪਣੇ ਮੈਗਾ ਲਾਈਵ ਟੂਰ ਅਤੇ ਬਾਕਸ-ਆਫਿਸ ਦੀ ਸਫ਼ਲਤਾ ਤੋਂ ਬਾਅਦ ਪ੍ਰੀਵਿਊ ਕੀਤੀ 'ਵਿਸ਼ਵ ਦੀਆਂ ਚੋਟੀ ਦੀਆਂ 50 ਏਸ਼ਿਆਈ ਮਸ਼ਹੂਰ ਹਸਤੀਆਂ' ਦੀ ਯੂਕੇ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। 40 ਸਾਲਾ ਪੰਜਾਬੀ ਗਾਇਕ ਤੇ ਅਦਾਕਾਰ ਨੇ ਪਿਛਲੇ ਸਾਲ ਦੇ ਮੋਹਰੀ ਸ਼ਾਹਰੁਖ ਖਾਨ ਨੂੰ ਪਛਾੜ ਦਿੱਤਾ ਹੈ ਅਤੇ ਉਹ ਬਰਤਾਨੀਆ ਦੇ ਹਫ਼ਤਾਵਾਰੀ 'ਈਸਟਰਨ ਆਈ' ਵੱਲੋਂ ਪ੍ਰਕਾਸ਼ਿਤ ਸੂਚੀ ਦੇ 2024 ਦੇ ਐਡੀਸ਼ਨ ਵਿੱਚ ਸਿਨੇਮਾ, ਟੈਲੀਵਿਜ਼ਨ, ਸੰਗੀਤ, ਕਲਾ ਅਤੇ ਸਾਹਿਤ ਦੀ ਦੁਨੀਆ ਵਿੱਚ ਕੌਮਾਂਤਰੀ ਪ੍ਰਤਿਭਾਵਾਂ ਵਿੱਚੋਂ ਸਭ ਤੋਂ ਅੱਗੇ ਹੈ।

'ਈਸਟਰਨ ਆਈ' ਦੇ ਐਂਟਰਟੇਨਮੈਂਟ ਐਡੀਟਰ ਅਸਜਾਦ ਨਜ਼ੀਰ ਨੇ ਕਿਹਾ, ''ਇਸ ਸੁਪਰਸਟਾਰ ਨੇ ਆਪਣੇ ਬਲਾਕਬਸਟਰ 'ਦਿਲ-ਲੁਮਿਨਾਟੀ' ਸ਼ੋਅ ਨਾਲ ਇਤਿਹਾਸ ਵਿੱਚ ਕਿਸੇ ਵੀ ਦੱਖਣੀ ਏਸ਼ਿਆਈ ਮਸ਼ਹੂਰ ਹਸਤੀ ਵੱਲੋਂ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਸਫ਼ਲ ਵਰਲਡ ਟੂਰ ਕੀਤਾ ਹੈ।'' ਉਨ੍ਹਾਂ ਕਿਹਾ, ''ਇਸ ਬਹੁ-ਪ੍ਰਤਿਭਾਸ਼ਾਲੀ ਸਿਤਾਰੇ ਨੇ ਫਿਲਮਾਂ ਵਿੱਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਅਤੇ ਆਪਣੇ ਪੰਜਾਬੀ ਸੱਭਿਆਚਾਰ ਨੂੰ ਅੱਗੇ ਵਧਾਇਆ। ਹਰੇਕ ਕੋਈ ਉਸ ਬਾਰੇ ਗੱਲ ਕਰ ਰਿਹਾ ਸੀ ਜੋ ਇੱਕ ਸੁਫ਼ਨੇ ਦਾ ਸਾਲ ਬਣ ਗਿਆ।''

ਭਾਰਤੀ ਵਿਰਾਸਤ ਦੀ ਪੌਪ ਸੁਪਰਸਟਾਰ ਚਾਰਲੀ ਐਕਸਸੀਐਕਸ ਦੂਜੇ ਸਥਾਨ 'ਤੇ ਰਹੀ ਹੈ। ਤੀਜੇ ਸਥਾਨ 'ਤੇ ਰਹਿਣ ਵਾਲੇ ਅੱਲੂ ਅਰਜੁਨ ਨੇ ਸਾਲ ਦੀ ਸਭ ਤੋਂ ਸਫ਼ਲ ਭਾਰਤੀ ਫਿਲਮ 'ਪੁਸ਼ਪਾ: ਦਿ ਰੂਲ' ਨਾਲ ਬਾਕਸਆਫ਼ਿਸ ਦੇ ਰਿਕਾਰਡ ਤੋੜ ਦਿੱਤੇ ਅਤੇ ਆਪਣੇ ਵਿੱਚ ਸਿਨੇਮਾ ਦੇ ਦ੍ਰਿਸ਼ ਨੂੰ ਕਾਫੀ ਹੱਦ ਤੱਕ ਬਦਲ ਦਿੱਤਾ। ਉੱਧਰ, ਚੌਥੇ ਸਥਾਨ 'ਤੇ ਰਹਿਣ ਵਾਲੇ ਦੇਵ ਪਟੇਲ ਨੇ ਹਿੱਟ ਫਿਲਮ 'ਮੰਕੀ ਮੈਨ' ਵਿੱਚ ਜ਼ਿਕਰਯੋਗ ਲੇਖਨ, ਨਿਰਦੇਸ਼ਨ, ਨਿਰਮਾਣ ਅਤੇ ਅਦਾਕਾਰੀ ਕਰ ਕੇ ਹੌਲੀਵੁੱਡ ਦੇ ਪਾਵਰ ਪਲੇਅਰ ਦੇ ਰੂਪ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ।

ਪ੍ਰਿਯੰਕਾ ਚੋਪੜਾ ਫਿਲਮਾਂ ਤੋਂ ਲੈ ਕੇ ਮੈਗਾ-ਬਜਟ ਲੜੀ 'ਸਿਟਾਡੇਲ' ਦੇ ਦੂਜੇ ਸੀਜ਼ਨ 'ਤੇ ਕੰਮ ਸ਼ੁਰੂ ਕਰਨ ਤੱਕ ਦੇ ਹਾਈ ਪ੍ਰੋਫਾਈਲ ਪ੍ਰਾਜੈਕਟਾਂ ਨੂੰ ਸੰਤੁਲਿਤ ਕਰਨ ਲਈ ਪੰਜਵੇਂ ਸਥਾਨ 'ਤੇ ਰਹੀ। ਸਿਆਸੀ ਪਾਰਟੀ ਸ਼ੁਰੂ ਕਰਨ ਵਾਲੇ ਅਤੇ ਸਾਲ ਦੀ ਸਭ ਤੋਂ ਸਫ਼ਲ ਤਾਮਿਲ ਫਿਲਮ ਦੇਣ ਵਾਲੇ ਅਦਾਕਾਰ ਵਿਜੇ ਛੇਵੇਂ ਸਥਾਨ 'ਤੇ ਰਿਹਾ, ਜਦਕਿ ਗਾਇਕ ਅਰਿਜੀਤ ਸਿੰਘ ਸੱਤਵੇਂ ਸਥਾਨ 'ਤੇ ਹੈ। ਸੂਚੀ ਵਿੱਚ ਸਭ ਤੋਂ ਵੱਧ ਉਮਰ ਵਾਲਾ ਅਦਾਕਾਰ 82 ਸਾਲਾ ਅਮਿਤਾਭ ਬੱਚਨ ਇਕ ਵਾਰ ਫਿਰ ਤੋਂ 26ਵੇਂ ਸਥਾਨ 'ਤੇ ਹੈ ਜਦਕਿ ਸਭ ਤੋਂ ਘੱਟ ਉਮਰ ਦੀ 17 ਸਾਲਾ ਅਦਾਕਾਰਾ ਨਿਤਾਂਸ਼ੀ ਗੋਇਲ 42ਵੇਂ ਸਥਾਨ 'ਤੇ ਹੈ ਜਿਸ ਨੇ ਭਾਰਤ ਦੀ ਅਧਿਕਾਰਤ ਆਸਕਰ ਫਿਲਮ 'ਲਾਪਤਾ ਲੇਡੀਜ਼' ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

# ਪੇਜ ਇੱਕ ਦੀ ਬਾਕੀ

## ਗਾਜ਼ਾ 'ਤੇ ਹਮਲੇ 'ਚ...

ਹਮਲੇ 'ਚ ਹਮਾਸ ਦੇ ਦੋ ਸੀਨੀਅਰ ਕਮਾਂਡਰਾਂ ਫਾਹਮੀ ਸੇਲਮੀ ਅਤੇ ਸਾਲਾਹ ਦਾਹਮਾਨ ਨੂੰ ਮਾਰ ਮੁਕਾਇਆ ਹੈ। ਹਸਪਤਾਲ ਕਮਾਲ ਅਦਵਾਨ ਦੇ ਰਿਕਾਰਡ ਮੁਤਾਬਕ ਮ੍ਰਿਤਕਾਂ 'ਚ ਇਕੋ ਪਰਿਵਾਰ ਦੇ ਅੱਠ ਜਣੇ ਸ਼ਾਮਲ ਹਨ। ਹਸਪਤਾਲ ਨੇ ਕਿਹਾ ਕਿ ਉਸ ਦੇ ਗੇਟ ਨੇੜੇ ਹੋਏ ਹੋਰ ਹਮਲੇ 'ਚ ਮਹਿਲਾ ਅਤੇ ਉਸ ਦੇ ਦੋ ਬੱਚਿਆਂ ਦੀ ਮੌਤ ਹੋ ਗਈ। ਉਧਰ ਅਵਦਾ ਹਸਪਤਾਲ ਮੁਤਾਬਕ ਨੁਸਰਤ ਸ਼ਰਨਾਰਥੀ ਕੈਂਪ 'ਤੇ ਹੋਏ ਹਮਲੇ 'ਚ ਸੱਤ ਵਿਅਕਤੀ ਮਾਰੇ ਗਏ। ਮ੍ਰਿਤਕਾਂ 'ਚ ਦੋ ਬੱਚੇ, ਉਨ੍ਹਾਂ ਦੇ ਮਾਪੇ ਅਤੇ ਤਿੰਨ ਹੋਰ ਰਿਸ਼ਤੇਦਾਰ ਸ਼ਾਮਲ ਹਨ। ਇਸ ਦੌਰਾਨ ਦਹਿਸ਼ਤਗਰਦਾਂ ਨੇ ਬੁੱਧਵਾਰ ਨੂੰ ਇਜ਼ਰਾਈਲ 'ਤੇ ਚਾਰ ਰਾਕੇਟ ਦਾਗ਼ੇ ਜਿਨ੍ਹਾਂ 'ਚੋਂ ਦੋ ਨੂੰ ਹਵਾ 'ਚ ਫੁੰਡ ਦਿੱਤਾ ਗਿਆ। ਫੌਜ ਨੇ ਕਿਹਾ ਕਿ ਦੋ ਰਾਕੇਟ ਖੁੱਲ੍ਹੇ ਇਲਾਕੇ 'ਚ ਡਿੱਗੇ ਅਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਫੌਜ ਨੇ ਸੈਂਟਰਲ ਗਾਜ਼ਾ ਦੇ ਮਗ਼ਾਜ਼ੀ ਸ਼ਰਨਾਰਥੀ ਕੈਂਪ ਦੇ ਇਕ ਇਲਾਕੇ ਨੂੰ ਖਾਲੀ ਕਰਨ ਦੇ ਹੁਕਮ ਦਿੱਤੇ ਹਨ।

### ਉੱਤਰੀ ਗਾਜ਼ਾ 'ਚ ਦੋ ਮਹੀਨਿਆਂ ਤੋਂ ਨਹੀਂ ਪੁੱਜੀ ਸਹਾਇਤਾ: ਸੰਯੁਕਤ ਰਾਸ਼ਟਰ

ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਉੱਤਰੀ ਗਾਜ਼ਾ 'ਚ 66 ਦਿਨਾਂ ਤੋਂ ਵੱਡੇ ਪੱਧਰ 'ਤੇ ਮਨੁੱਖੀ ਸਹਾਇਤਾ ਨਹੀਂ ਪਹੁੰਚੀ, ਜਿਥੇ ਇਜ਼ਰਾਈਲ ਨੇ 6 ਅਕਤੂਬਰ ਤੋਂ ਜ਼ਮੀਨੀ ਕਾਰਵਾਈ ਸ਼ੁਰੂ ਕੀਤੀ ਹੋਈ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਮਾਮਲਿਆਂ ਬਾਰੇ ਤਾਲਮੇਲ ਦਫ਼ਤਰ ਨੇ ਕਿਹਾ ਕਿ 65 ਤੋਂ 75 ਹਜ਼ਾਰ ਫਲਸਤੀਨੀ ਨਾਗਰਿਕ ਭੋਜਨ, ਪਾਣੀ, ਬਿਜਲੀ ਅਤੇ ਸਿਹਤ ਸੇਵਾਵਾਂ ਤੋਂ ਵਾਂਝੇ ਹਨ। ਉਨ੍ਹਾਂ ਕਿਹਾ ਕਿ ਇਜ਼ਰਾਈਲ ਨੇ ਬੇਇਤ ਲਾਹੀਆ, ਬੇਇਤ ਹਨੂਨ ਅਤੇ ਜਬਾਲੀਆ ਦੀ ਘੇਰਾਬੰਦੀ ਕੀਤੀ ਹੋਈ ਹੈ। ਜਥੇਬੰਦੀ ਨੇ ਕਿਹਾ ਕਿ ਇਜ਼ਰਾਈਲ ਨੇ ਬੇਇਤ ਲਾਹੀਆ ਦੇ ਤਿੰਨ ਸਕੂਲਾਂ 'ਚੋਂ ਕਰੀਬ 5,500 ਵਿਅਕਤੀਆਂ ਨੂੰ ਜਬਰੀ ਗਾਜ਼ਾ ਸਿਟੀ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਾਜ਼ਾ ਪੱਟੀ 'ਚ ਸੰਯੁਕਤ ਰਾਸ਼ਟਰ ਦੀ ਹਮਾਇਤ ਨਾਲ ਸਿਰਫ਼ ਚਾਰ ਹੀ ਬੇਕਰੀਆਂ ਚੱਲ ਰਹੀਆਂ ਹਨ।

## ਕੈਨੇਡਾ 'ਚ ਪੰਜਾਬੀਆਂ 'ਤੇ ...

ਜਿਨ੍ਹਾਂ ਵਿਚ ਜ਼ਿਆਦਾਤਰ ਸਿੱਖ ਹੀ ਸਨ। ਜਿੱਥੇ ਕਈ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਹਲਾਕਿ ਕੈਨੇਡਾ ਸਰਕਾਰ ਨੇ ਕਾਮਾਘਾਟਾ ਮਾਰੂ ਘਟਨਾ ਸਬੰਧੀ ਆਪਣੀ ਸੰਸਦ 'ਚ ਮੁਆਫ਼ੀ ਵੀ ਮੰਗੀ ਸੀ।, 1907 ਤੇ 1914 ਦੀਆਂ ਘਟਨਾਲਾ ਜਿਸ ਨੇ ਏਸ਼ਾਈਆ ਲੋਕਾਂ ਨੂੰ ਸਬਕ ਜ਼ਰੂਰ ਸਿਖਾਇਆ ਕਿ ਜੇਕਰ ਇੱਥੇ ਰਹਿਣਾ ਹੈ ਤਾਂ ਕੁਝ ਅਜਿਹਾ ਕਰਨਾ ਪੈਣਾ ਕਿ ਨਸਲੀ ਭੇਦ ਭਾਵ ਕਰਨ ਵਾਲੇ ਲੋਕ ਤੁਹਾਡੇ ਕਦਮਾਂ 'ਚ ਆ ਕੇ ਡਿੱਗਣ ਤੇ ਹੋਇਆ ਵੀ ਕੁਝ ਅਜਿਹਾ ਅੱਜ ਪੰਜਾਬੀ ਭਾਈਚਾਰਾ ਪੂਰੀ ਦੁਨੀਆ 'ਤੇ ਰਾਜ ਕਰ ਰਿਹਾ ਹੈ। ਕੈਨੇਡਾ, ਯੂਕੇ ਸਣੇ ਹੋਰ ਵੀ ਸਰਕਾਰਾਂ ਵਿੱਚ ਅੱਜ ਦਸਤਾਰ ਧਾਰੀ ਸਾਂਸਦ, ਐਮਐਲਏ ਜਾਂ ਮੇਅਰ ਬਣ ਗਏ ਨੇ।

ਇੱਕ ਪਾਸੇ ਕੁਝ ਤਬਦੀਲੀਆਂ ਵੀ ਆਉਂਦੀਆਂ ਰਹੀਆਂ ਤੇ ਨਸਲੀ ਹਿੰਸਾ ਵੀ ਲਗਾਤਾਰ ਨਾਲ ਨਾਲ ਵੱਧਦੀ ਗਈ। ਅਜਿਹੀਆਂ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਕਾਰਨ ਪੰਜਾਬੀ ਭਾਈਚਾਰਾ ਚਿੰਤਤ ਹੈ। ਅਜਿਹੀਆਂ ਘਟਨਾਵਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਇਸ ਬਾਰੇ ਸਿੱਖ ਕੌਮ ਦਾ ਚਿੰਤਤ ਹੋਣਾ ਸੁਭਾਵਿਕ ਹੈ।

## ਹੁਣ ਅਮਰੀਕਾ 'ਚ ਜਨਮ...

ਇਹ ਨੀਤੀ ਦਹਾਕਿਆਂ ਤੋਂ ਲਾਗੂ ਹੈ ਅਤੇ ਬਾਹਰੋਂ ਅਮਰੀਕਾ ਆਉਣ ਵਾਲੇ ਲੋਕਾਂ ਨੂੰ ਇਸ ਦਾ ਸਭ ਤੋਂ ਵੱਧ ਫਾਇਦਾ ਹੁੰਦਾ ਹੈ। ਟਰੰਪ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਦਲੀਲ ਦਿੱਤੀ ਹੈ ਕਿ ਇਸ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਅਮਰੀਕੀ ਨਾਗਰਿਕ ਬਣਨ ਲਈ ਸਖ਼ਤ ਮਾਪਦੰਡ ਹੋਣੇ ਚਾਹੀਦੇ ਹਨ। ਐਤਵਾਰ ਨੂੰ ਐੱਨ.ਬੀ.ਸੀ. ਦੇ "ਮੀਟ ਦਿ ਪ੍ਰੈੱਸ" ਵਿਚ ਇੱਕ ਇੰਟਰਵਿਊ ਦੌਰਾਨ, ਟਰੰਪ ਨੇ ਇਸ ਨੂੰ "ਹਾਸੋਹੀਣਾ" ਦੱਸਦੇ ਹੋਏ ਕਿਹਾ ਕਿ ਅਜਿਹਾ ਅਸੀਂ ਕਾਰਜਕਾਰੀ ਆਦੇਸ਼ ਜ਼ਰੀਏ ਕਰ ਸਕਦੇ ਹਾਂ। ਉਨ੍ਹਾਂ ਸੰਕੇਤ ਦਿੱਤਾ ਕਿ ਉਹ ਆਪਣੇ ਪਹਿਲੇ ਦਿਨ ਕਾਰਜਕਾਰੀ ਆਦੇਸ਼ਾਂ ਦੀ ਵਰਤੋਂ ਕਰ ਸਕਦੇ ਹਨ, ਪਰ ਉਨ੍ਹਾਂ ਸੰਵਿਧਾਨਕ ਸੋਧ ਦੀ ਸੰਭਾਵਨਾ ਦਾ ਵੀ ਜ਼ਿਕਰ ਕੀਤਾ। ਟਰੰਪ ਨੇ ਕਿਹਾ, "ਸਾਨੂੰ ਇਸ ਨੂੰ ਖਤਮ ਕਰਨਾ ਹੋਵੇਗਾ। ਉਨ੍ਹਾਂ ਨੇ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਅਤੇ ਨਾਗਰਿਕਤਾ ਖ਼ਤਮ ਕਰਨ ਬਾਰੇ ਡੈਮੋਕ੍ਰੇਟਿਕ ਪਾਰਟੀ ਨਾਲ ਗੱਲ ਕਰਨ ਦਾ ਵੀ ਸੰਕੇਤ ਦਿੱਤਾ।" ਅਮਰੀਕਾ ਦੀ ਮਰਦਮਸ਼ੁਮਾਰੀ (2022) ਦਾ ਵਿਸ਼ਲੇਸ਼ਣ ਕਰਦੇ ਹੋਏ ਪਿਊ ਰਿਸਰਚ ਨੇ ਕਿਹਾ ਕਿ ਅਮਰੀਕਾ ਵਿਚ 48 ਲੱਖ ਭਾਰਤੀ-ਅਮਰੀਕੀ ਰਹਿੰਦੇ ਹਨ, ਜਿਨ੍ਹਾਂ ਵਿਚੋਂ 34% ਜਾਂ 16 ਲੱਖ ਅਮਰੀਕਾ ਵਿਚ ਪੈਦਾ ਹੋਏ ਹਨ। ਇਹ 16 ਲੱਖ ਲੋਕ ਨਾਗਰਿਕਤਾ ਕਾਨੂੰਨ ਦੇ ਤਹਿਤ ਦੇਸ਼ ਦੇ ਨਾਗਰਿਕ ਹਨ ਕਿਉਂਕਿ ਉਨ੍ਹਾਂ ਦਾ ਜਨਮ ਅਮਰੀਕਾ ਵਿਚ ਹੋਇਆ ਹੈ। ਜੇਕਰ ਟਰੰਪ ਨੇ ਕਾਰਜਕਾਰੀ ਹੁਕਮਾਂ ਤਹਿਤ ਅਮਰੀਕਾ ਵਿਚ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇ ਨਿਯਮ ਨੂੰ ਖ਼ਤਮ ਕਰ ਦਿੱਤਾ ਤਾਂ ਇਸ ਦਾ ਸਿੱਧਾ ਅਸਰ ਭਾਰਤੀ ਮੂਲ ਦੇ ਇਨ੍ਹਾਂ 16 ਲੱਖ ਲੋਕਾਂ 'ਤੇ ਪਵੇਗਾ।

## ਡੋਨਾਲਡ ਟਰੰਪ ਨੇ ਹਰਮੀਤ...

ਉਨ੍ਹਾਂ ਕਿਹਾ "ਆਪਣੇ ਪੂਰੇ ਕੈਰੀਅਰ ਦੌਰਾਨ, ਹਰਮੀਤ ਸਾਡੀਆਂ ਨਾਗਰਿਕ ਆਜ਼ਾਦੀਆਂ ਦੀ ਰੱਖਿਆ ਲਈ ਲਗਾਤਾਰ ਖੜ੍ਹੀ ਰਹੀ ਹੈ, ਜਿਸ ਵਿੱਚ ਸਾਡੀ ਸੁਤੰਤਰ ਬੋਲੀ ਨੂੰ ਸੈਂਸਰ ਕਰਨ ਲਈ ਵੱਡੀ ਤਕਨੀਕ ਦੀ ਵਰਤੋਂ ਕਰਨਾ, ਕੋਵਿਡ ਦੌਰਾਨ ਇਕੱਠੇ ਪ੍ਰਾਰਥਨਾ ਕਰਨ ਤੋਂ ਰੋਕੇ ਗਏ ਈਸਾਈਆਂ ਦੀ ਨੁਮਾਇੰਦਗੀ ਕਰਨਾ, ਅਤੇ ਉਨ੍ਹਾਂ ਕਾਰਪੋਰੇਸ਼ਨਾਂ ਵਿਰੁੱਧ ਮੁਕੱਦਮਾ ਕਰਨਾ ਸ਼ਾਮਲ ਹੈ।''

ਟਰੰਪ ਨੇ ਕਿਹਾ ਕਿ ਹਰਮੀਤ ਦੇਸ਼ ਦੇ ਚੋਟੀ ਦੇ ਚੋਣ ਵਕੀਲਾਂ ਵਿੱਚੋਂ ਇੱਕ ਹੈ, ਜੋ ਇਹ ਯਕੀਨੀ ਬਣਾਉਣ ਲਈ ਲੜ ਰਹੀ ਹੈ ਕਿ ਸਾਰੀਆਂ ਅਤੇ ਸਿਰਫ਼ ਕਾਨੂੰਨੀ ਵੋਟਾਂ ਦੀ ਗਿਣਤੀ ਕੀਤੀ ਜਾਵੇ। ਉਹ ਡਾਰਟਮਾਊਥ ਕਾਲਜ ਅਤੇ ਯੂਨੀਵਰਸਿਟੀ ਆਫ ਵਰਜੀਨੀਆ ਲਾਅ ਸਕੂਲ ਦੀ ਗ੍ਰੈਜੂਏਟ ਹੈ ਅਤੇ ਯੂਐਸ ਫੋਰਥ ਸਰਕਟ ਕੋਰਟ ਆਫ ਅਪੀਲਜ਼ ਵਿੱਚ ਕਲਰਕ ਹੈ। ਦੱਸ ਦਈਏ ਕਿ ਇਸ ਸਾਲ ਜੁਲਾਈ 'ਚ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ ਅਰਦਾਸ ਕਰਨ ਤੋਂ ਬਾਅਦ ਢਿੱਲੋਂ 'ਤੇ ਨਸਲੀ ਟਿੱਪਣੀਆਂ ਹੋਈਆਂ ਸੀ। ਪਿਛਲੇ ਸਾਲ ਉਹ ਰਿਪਬਲਿਕਨ ਨੈਸ਼ਨਲ ਕਮੇਟੀ ਦੀ ਪ੍ਰਧਾਨਗੀ ਦੇ ਅਹੁਦੇ ਲਈ ਅਸਫਲ ਰਹੀ ਸੀ। ਚੰਡੀਗੜ੍ਹ 'ਚ ਜਨਮੀ 54 ਸਾਲਾ ਢਿੱਲੋਂ ਆਪਣੇ ਮਾਤਾ-ਪਿਤਾ ਨਾਲ ਬਚਪਨ 'ਚ ਹੀ ਅਮਰੀਕਾ ਚਲੀ ਗਈ ਸੀ। 2016 ਵਿੱਚ ਉਹ ਕਲੀਵਲੈਂਡ ਵਿੱਚ ਘੋਪ ਸੰਮੇਲਨ ਦੇ ਮੰਚ 'ਤੇ ਪੁੱਜਣ ਵਾਲੀ ਪਹਿਲੀ ਭਾਰਤੀ-ਅਮਰੀਕੀ ਸੀ।

## ਮਸਕ ਦਾ ਟਰੂਡੋ 'ਤੇ...

ਚੁਣਨ ਲਈ ਦੂਜੀ ਵਾਰ ਵੋਟ ਪਾਈ।

### ਟਰੂਡੋ ਦੇ ਬਿਆਨ 'ਤੇ ਮਸਕ ਦਾ ਪਲਟਵਾਰ

ਜਸਟਿਨ ਟਰੂਡੋ ਨੇ ਕਿਹਾ ਕਿ ਔਰਤਾਂ ਦੇ ਅਧਿਕਾਰਾਂ ਅਤੇ ਔਰਤਾਂ ਦੀ ਤਰੱਕੀ 'ਤੇ ਹਰ ਪਾਸੇ ਹਮਲੇ ਹੋ ਰਹੇ ਹਨ। ਕਮਲਾ ਹੈਰਿਸ ਦੀ ਹਾਰ ਔਰਤਾਂ ਦੀ ਤਰੱਕੀ 'ਤੇ ਹਮਲਾ ਹੈ। ਟੇਸਲਾ ਦੇ ਮੁਖੀ ਐਲੋਨ ਮਸਕ ਨੇ ਟਰੂਡੋ ਦੇ ਇਸ ਬਿਆਨ 'ਤੇ ਕਰਾਰਾ ਪਲਟਵਾਰ ਕੀਤਾ। ਮਸਕ ਨੇ ਟਵੀਟ ਕੀਤਾ ਕਿ ਉਹ ਇੱਕ ਅਸਹਿ ਟੂਲ (insufferable tool) ਹਨ। ਉਹ ਜ਼ਿਆਦਾ ਦੇਰ ਸੱਤਾ ਵਿਚ ਨਹੀਂ ਰਹੇਗਾ। ਜ਼ਿਕਰਯੋਗ ਹੈ ਕਿ ਟਰੰਪ ਪਹਿਲਾਂ ਹੀ ਟਰੂਡੋ 'ਤੇ ਹਮਲਾ ਕਰ ਚੁੱਕੇ ਹਨ। ਇਸ ਤੋਂ ਪਹਿਲਾਂ ਮਸਕ ਨੇ ਕਿਹਾ ਸੀ ਕਿ ਟਰੂਡੋ ਅਗਲੀ ਚੋਣ ਹਾਰ ਜਾਣਗੇ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡੀਅਨ ਪੀ.ਐੱਮ ਜਸਟਿਨ ਟਰੂਡੋ ਦਾ ਮਜ਼ਾਕ ਉਡਾਉਂਦੇ ਹੋਏ ਉਨ੍ਹਾਂ ਨੂੰ ਕੈਨੇਡਾ ਦਾ ਗਵਰਨਰ ਕਿਹਾ ਹੈ। ਦਰਅਸਲ ਹਾਲ ਹੀ ਵਿੱਚ ਟਰੰਪ ਨੇ ਕਿਹਾ ਸੀ ਕਿ ਜਿਵੇਂ ਹੀ ਉਹ ਅਹੁਦਾ ਸੰਭਾਲਣਗੇ, ਸਭ ਤੋਂ ਪਹਿਲਾਂ ਉਹ ਕੈਨੇਡਾ ਤੋਂ ਆਉਣ ਵਾਲੇ ਸਮਾਨ 'ਤੇ 25 ਫੀਸਦੀ ਟੈਰਿਫ ਲਗਾਉਣਗੇ, ਜਦੋਂ ਤੱਕ ਇਹ ਦੇਸ਼ ਅਮਰੀਕਾ ਆਉਣ ਵਾਲੇ ਨਸ਼ਿਆਂ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੰਟਰੋਲ ਨਹੀਂ ਕਰਦੇ। ਟਰੰਪ ਦੇ ਇਸ ਐਲਾਨ ਤੋਂ ਬਾਅਦ ਟਰੂਡੋ ਨੇ ਇਸ 'ਤੇ ਚਿੰਤਾ ਪ੍ਰਗਟਾਈ ਸੀ। ਟਰੂਡੋ ਨੇ ਕਿਹਾ ਸੀ ਕਿ ਅਜਿਹੀ ਫੀਸ ਕੈਨੇਡਾ ਦੀ ਆਰਥਿਕਤਾ ਨੂੰ ਤਬਾਹ ਕਰ ਦੇਵੇਗੀ। ਇਸ 'ਤੇ ਨਵੇਂ ਚੁਣੇ ਗਏ ਰਾਸ਼ਟਰਪਤੀ ਨੇ ਟਰੂਡੋ ਨੂੰ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਪੇਸ਼ਕਸ਼ ਕੀਤੀ।

## ਟਰੂਡੋ ਸਰਕਾਰ ਨੂੰ ਡੇਗਣ...

ਵੱਲੋਂ ਜੀ.ਐਸ.ਟੀ. ਬਾਰੇ ਲਿਆਂਦਾ ਮਤਾ ਵੀ ਪਾਸ ਨਾ ਹੋ ਸਕਿਆ ਕਿਉਂਕਿ ਲਿਬਰਲ ਪਾਰਟੀ ਦੇ ਸਿਰਫ ਇਕ ਐਮ.ਪੀ. ਨੇ ਇਸ ਦੀ ਹਮਾਇਤ ਕੀਤੀ।

### ਕੰਜ਼ਰਵੇਟਿਵ ਪਾਰਟੀ ਵੱਲੋਂ ਲਿਆਂਦਾ ਬੇਵਿਸਾਹੀ ਮਤਾ ਰੱਦ

ਜਗਮੀਤ ਸਿੰਘ ਵੱਲੋਂ 250 ਡਾਲਰ ਦੀ ਆਰਥਿਕ ਸਹਾਇਤਾ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਘੇਰਨ ਦਾ ਯਤਨ ਕੀਤਾ ਗਿਆ ਪਰ ਇਥੇ ਵੀ ਸਫ਼ਲਤਾ ਹੱਥ ਨਾ ਲੱਗੀ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਵੱਲੋਂ ਬੇਵਿਸਾਹੀ ਮਤੇ ਤੋਂ ਇਲਾਵਾ 10 ਲੱਖ ਡਾਲਰ ਤੋਂ ਘੱਟ ਕੀਮਤ ਵਾਲੇ ਨਵੇਂ ਮਕਾਨਾਂ ਤੋਂ ਜੀ.ਐਸ.ਟੀ. ਹਟਾਉਣ ਵਾਸਤੇ ਮਤਾ ਸੋਮਵਾਰ ਨੂੰ ਪੇਸ਼ ਕੀਤਾ ਗਿਆ ਜਿਸ ਉਤੇ ਮੰਗਲਵਾਰ ਨੂੰ ਵੋਟਿੰਗ ਹੋ ਸਕਦੀ ਹੈ। ਮੰਗਲਵਾਰ ਨੂੰ ਸੰਸਦ ਵਿਚ ਦੇਰ ਸ਼ਾਮ ਤੱਕ ਵੋਟਿੰਗ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ ਜਦੋਂ ਸਰਕਾਰ ਦੇ ਪੂਰਕ ਮੰਗਾਂ ਵਾਸਤੇ ਪ੍ਰਵਾਨਗੀ ਮੰਗੀ ਜਾਵੇਗੀ। ਹਾਊਸਿੰਗ, ਡੈਂਟਲ ਕੇਅਰ ਅਤੇ ਨੈਸ਼ਨਲ ਸਕੂਲ ਫੂਡ ਪ੍ਰੋਗਰਾਮ ਵਾਸਤੇ ਖ਼ਜ਼ਾਨਾ ਬੋਰਡ ਦੀ ਮੁਖੀ ਅਨੀਤਾ ਆਨੰਦ ਵੱਲੋਂ ਸੰਸਦ ਤੋਂ 21.6 ਅਰਬ ਡਾਲਰ ਦੇ ਫੰਡਾਂ ਦੀ ਪ੍ਰਵਾਨਗੀ ਮੰਗੀ ਗਈ ਹੈ ਅਤੇ ਇਹ ਪ੍ਰਵਾਨਗੀ ਨਾ ਮਿਲਣ ਦੀ ਸੂਰਤ ਵਿਚ ਇਨ੍ਹਾਂ ਯੋਜਨਾਵਾਂ ਵਾਸਤੇ ਫੰਡਾਂ ਦੀ ਕਮੀ ਆ ਸਕਦੀ ਹੈ। ਇਸੇ ਦੌਰਾਨ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ 16 ਦਸੰਬਰ ਨੂੰ ਫਾਲ ਇਕਨੌਮਿਕ ਸਟੇਟਮੈਂਟ ਪੇਸ਼ ਕਰਨ ਦਾ ਐਲਾਨ ਕਰ ਦਿਤਾ ਗਿਆ।

## ਬਾਬਾ ਰਣਜੀਤ ਸਿੰਘ...

ਇਸ ਮਾਮਲੇ 'ਚ ਐਫਆਈਆਰ ਦਰਜ ਨਾ ਕਰਨ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ ਹੈ ਜਾਂ ਕੀ ਕਾਰਵਾਈ ਕੀਤੀ ਜਾਵੇਗੀ, ਇਸ ਮਾਮਲੇ 'ਚ ਮ੍ਰਿਤਕ ਦੇ ਭਰਾ ਸਾਹਿਬ ਸਿੰਘ ਵਾਸੀ ਮਾਜਰੀ ਸਮਾਣਾ ਪਟਿਆਲਾ ਨੇ ਕੇਸ ਦੀ ਸੁਣਵਾਈ ਸੀ.ਬੀ.ਆਈ. ਸੀਨੀਅਰ ਆਈ.ਪੀ. ਐੱਸ ਨੇ ਪਟੀਸ਼ਨ 'ਚ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ ਗੰਭੀਰ ਦੋਸ਼ ਲਾਏ ਹਨ। ਪਟੀਸ਼ਨਕਰਤਾ ਦੀ ਵਕੀਲ ਨਵਨੀਤ ਕੌਰ ਨੇ ਦੱਸਿਆ ਕਿ ਪਟੀਸ਼ਨਰ ਦੀ ਭੈਣ ਦਾ 22 ਅਪ੍ਰੈਲ 2012 ਨੂੰ ਬਾਬਾ ਰਣਜੀਤ ਸਿੰਘ (ਢੱਡਰੀਆਂ ਵਾਲੇ) ਦੇ ਡੇਰੇ 'ਚ ਕੋਈ ਜ਼ਹਿਰੀਲੀ ਚੀਜ਼ ਦੇ ਕੇ ਜਬਰ-ਜ਼ਨਾਹ ਕਰਕੇ ਕਤਲ ਕਰ ਦਿੱਤਾ ਗਿਆ ਸੀ। ਭੈਣ ਅਨੁਸਾਰ ਉਸ ਦੀ ਭੈਣ ਧਾਰਮਿਕ ਸੀ ਅਤੇ ਬਾਬਾ ਰਣਜੀਤ ਸਿੰਘ (ਢੱਡਰੀਆਂ ਵਾਲੇ) ਦੀ ਪੈਰੋਕਾਰ ਬਣ ਗਈ ਸੀ ਅਤੇ ਉਹ ਬਾਕਾਇਦਾ ਧਾਰਮਿਕ ਸੇਵਾ ਕਰਨ ਲਈ ਜਾਂਦੀ ਸੀ। ਉਸ ਦੀ ਰਣਜੀਤ ਸਿੰਘ ਪ੍ਰਤੀ ਬਹੁਤ ਸ਼ਰਧਾ ਸੀ, ਉਸ ਦੇ ਕਤਲ ਤੋਂ ਕੁਝ ਦਿਨ ਪਹਿਲਾਂ, ਉਸ ਦੀ ਭੈਣ ਨੂੰ ਰਣਜੀਤ ਸਿੰਘ (ਢੱਡਰੀਆਂਵਾਲਾ) ਦੀ ਅਸਲੀਅਤ ਬਾਰੇ ਪਤਾ ਲੱਗਾ ਕਿ ਉਹ ਡੇਰੇ 'ਚ ਸ਼ਰਧਾਲੂਆਂ ਨੂੰ ਪ੍ਰਭਾਵਿਤ ਕਰਦਾ ਸੀ ਅਤੇ ਫਿਰ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਦਾ ਸੀ, ਜਿਸ 'ਤੇ ਉਸ ਦੀ ਭੈਣ ਆਪਣੇ ਮਾਪਿਆਂ ਅਤੇ ਪੁਲਿਸ ਨੂੰ ਦੱਸ ਕੇ ਸ਼ੋਸ਼ਣ ਦੀਆਂ ਉਪਰੋਕਤ ਹਰਕਤਾਂ ਲਈ ਬਾਬਾ ਰਣਜੀਤ ਸਿੰਘ (ਢੱਡਰੀਆਂਵਾਲਾ) ਦੇ ਖਿਲਾਫ਼ ਵਿਰੋਧ ਕਰਨ ਦਾ ਫੈਸਲਾ ਕੀਤਾ।

ਪਟੀਸ਼ਨ ਮੁਤਾਬਕ ਉਸ ਦੀ ਭੈਣ ਨੇ ਡਰ ਕੇ ਬਾਬੇ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਅਤੇ ਆਪਣੇ ਭਰਾ ਅਤੇ ਮਾਤਾ-ਪਿਤਾ ਨੂੰ ਸਾਰੀ ਕਹਾਣੀ ਦੱਸੀ ਕਿ ਉਹ ਬਾਬਾ ਰਣਜੀਤ ਸਿੰਘ ਦੇ ਪੀੜਤਾਂ 'ਚੋਂ ਇੱਕ ਸੀ, ਜਿਸ ਨੇ ਉਸ ਨਾਲ ਵਾਰ-ਵਾਰ ਬਲਾਤਕਾਰ ਕੀਤਾ। 22 ਅਪ੍ਰੈਲ 2012 ਦੀ ਦੁਪਹਿਰ ਨੂੰ ਉਸ ਨੂੰ ਗੁਰਦੁਆਰਾ ਸਾਹਿਬ ਤੋਂ ਡੇਰੇ 'ਚ ਹਾਜ਼ਰੀ ਭਰਨ ਅਤੇ ਬਾਬੇ ਨਾਲ ਮਾਮਲਾ ਸੁਲਝਾਉਣ ਦਾ ਫੋਨ ਆਇਆ, ਜਿਸ 'ਤੇ ਉਹ ਉਥੇ ਗਈ। ਜਦੋਂ ਉਹ ਡੇਰੇ ਪਹੁੰਚੀ ਤਾਂ ਉਸ ਨੂੰ ਘਰ ਬੁਲਾ ਕੇ ਦੱਸਿਆ ਕਿ ਬਾਬੇ ਨੇ ਉਸ ਨੂੰ ਜ਼ਹਿਰ ਦੇ ਦਿੱਤਾ ਹੈ। ਇਸ ਤੋਂ ਬਾਅਦ ਉਸ ਦੀ ਭੈਣ ਦੀ ਮੌਤ ਹੋ ਗਈ। ਬਾਬਾ ਦੇ ਪੈਰੋਕਾਰਾਂ ਨੇ ਪਟੀਸ਼ਨਕਰਤਾ ਨੂੰ ਧਮਕੀ ਦਿੱਤੀ ਸੀ ਕਿ ਉਹ ਜਗ੍ਹਾ ਛੱਡ ਕੇ ਚਲੇ ਜਾਣ ਨਹੀਂ ਤਾਂ ਉਹ ਪਟੀਸ਼ਨਕਰਤਾ ਦੇ ਪੂਰੇ ਪਰਿਵਾਰ ਨੂੰ ਮਾਰ ਦੇਣਗੇ। ਦਰਖਾਸਤਕਰਤਾ ਨੂੰ ਆਪਣੇ ਪਰਿਵਾਰ ਨੂੰ ਬਚਾਉਣ ਲਈ ਸ਼ਹਿਰ ਛੱਡ ਕੇ ਭੱਜਣਾ ਪਿਆ ਅਤੇ ਉਦੋਂ ਤੋਂ ਹੀ ਦਰਖਾਸਤਕਰਤਾ ਅਣਪਛਾਤੇ ਸਥਾਨਾਂ 'ਤੇ ਛੁਪ ਕੇ ਰਹਿ ਰਿਹਾ ਹੈ ਅਤੇ ਇਸ ਕਤਲ ਦੇ ਮਾਮਲੇ ਸਬੰਧੀ ਪੁੱਛਗਿੱਛ ਲਈ ਕਈ ਵਾਰ ਥਾਣਾ ਪਸਿਆਣਾ ਵਿਖੇ ਜਾ ਚੁੱਕਾ ਹੈ ਉਸ ਦੀ ਭੈਣ ਨੇ ਪੁਲਿਸ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਪੁਲਿਸ ਅਧਿਕਾਰੀਆਂ ਨੇ ਪਟੀਸ਼ਨਕਰਤਾ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਸੀ।

## ਰਣਜੀਤ ਸਿੰਘ ਨੇ ਸਾਰੇ...

ਪੁਰਾਣੇ ਕੇਸ ਵਿੱਚ ਨਵੇਂ ਦੋਸ਼ ਜੋੜ ਦਿੱਤੇ ਗਏ ਹਨ। ਹਾਲਾਂਕਿ ਢੰਡਰੀਆਂਵਾਲਾ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੇਰੇ 'ਤੇ ਲੱਗੇ ਸਾਰੇ ਦੋਸ਼ ਬੇਬੁਨਿਆਦ ਹਨ, ਜਲਦ ਹੀ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋ ਜਾਵੇਗਾ।

ਇਹ ਮਾਮਲਾ 2012 ਦਾ ਹੈ ਅਤੇ ਇਸ ਵਿੱਚ ਕਰਨਾਲ ਦੀ ਇੱਕ 22 ਸਾਲਾ ਲੜਕੀ ਸ਼ਾਮਲ ਹੈ। ਜੋ ਆਪਣੇ ਪਰਿਵਾਰ ਸਮੇਤ ਪ੍ਰਮੇਸ਼ਰ ਦੁਆਰ ਗਈ ਸੀ। 22 ਅਪ੍ਰੈਲ 2012 ਨੂੰ ਲੜਕੀ ਸ਼ੱਕੀ ਹਾਲਾਤਾਂ ਵਿੱਚ ਮ੍ਰਿਤਕ ਪਾਈ ਗਈ ਸੀ। ਪੋਸਟਮਾਰਟਮ ਰਿਪੋਰਟ 'ਚ ਮੌਤ ਦਾ ਕਾਰਨ ਜ਼ਹਿਰ ਹੋਣਾ ਦੱਸਿਆ ਗਿਆ ਹੈ। ਹਾਲਾਂਕਿ ਪਰਿਵਾਰ ਦਾ ਦੋਸ਼ ਹੈ ਕਿ ਲੜਕੀ ਨਾਲ ਬਲਾਤਕਾਰ ਕੀਤਾ ਗਿਆ ਅਤੇ ਫਿਰ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ। ਪਰਮੇਸ਼ਰ ਦੁਆਰ ਦੇ ਅਧਿਕਾਰੀਆਂ ਨੇ ਲੜਕੀ ਦੀ ਇਮਾਰਤ ਦੇ ਬਾਹਰ ਮੌਤ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਰਣਜੀਤ ਸਿੰਘ ਢੱਡਰੀਆਂਵਾਲੇ ਉਸ ਸਮੇਂ ਦੇਸ਼ ਤੋਂ ਬਾਹਰ ਸਨ। ਬਾਅਦ 'ਚ ਪੀੜਤ ਪਰਿਵਾਰ ਦੇ ਮੈਂਬਰਾਂ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ।

# ਭਲਕੇ ਰਾਕੇਸ਼ ਟਕੈਤ ਤੇ ਲੱਖੋਵਾਲ ਖਨੌਰੀ ਬਾਰਡਰ 'ਤੇ ਪਹੁੰਚਣਗੇ

ਪਟਿਆਲਾ : ਸ਼ੰਭੂ ਬਾਰਡ ਉਤੇ ਚਲ ਰਹੇ ਕਿਸਾਨ ਮੋਰਚੇ ਵਿਚ ਕਿਸਾਨ ਲੀਡਰ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 17ਵੇਂ ਦਿਨ ਵਿਚ ਦਾਖ਼ਲ ਹੋ ਗਿਆ ਹੈ। ਹੁਣ ਖ਼ਬਰ ਆਈ ਹੈ ਕਿ ਇਸ ਮੋਰਚੇ ਵਿਚ ਭਲਕੇ ਕਿਸਾਨ ਲੀਡਰ ਰਕੇਸ਼ ਟਕੈਤ ਅਤੇ ਲੱਖੋਵਾਲ ਸਣੇ ਐਸ ਕੇ ਐਮ ਦੇ ਵੱਡੇ ਲੀਡਰ ਵੀ ਸ਼ਾਮਲ ਹੋਣਗੇ। ਇਸ ਮੌਕੇ ਡੱਲੇਵਾਲ ਨੇ ਕਿਹਾ ਕਿ ਸਰਕਾਰ ਨੇ ਇਥੇ ਸਾਡੇ ਆਸ ਪਾਸ ਇੰਟਰਨੈਟ ਬੰਦ ਕਰ ਦਿੱਤਾ ਹੈ। ਦਰਅਸਲ ਹਰਿਆਣਾ-ਪੰਜਾਬ ਦੀ ਖਨੌਰੀ ਸਰਹੱਦ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਵਿਗੜਦੀ ਜਾ ਰਹੀ ਹੈ। ਉਸ ਦੀ ਸਿਹਤ ਦੀ ਨਿਗਰਾਨੀ ਕਰ ਰਹੇ ਪ੍ਰਾਈਵੇਟ ਡਾਕਟਰਾਂ ਨੇ ਮੈਡੀਕਲ ਬੁਲੇਟਿਨ ਜਾਰੀ ਕਰਕੇ ਕਿਹਾ ਹੈ ਕਿ ਉਸ ਦਾ ਭਾਰ 12 ਕਿਲੋ ਤੋਂ ਵੱਧ ਘਟ ਗਿਆ ਹੈ। ਉਸ ਦੇ ਗੁਰਦੇ ਕਿਸੇ ਵੀ ਸਮੇਂ ਫੇਲ ਹੋ ਸਕਦੇ ਹਨ ਅਤੇ ਉਸ ਨੂੰ ਦਿਲ ਦਾ ਦੌਰਾ ਵੀ ਪੈ ਸਕਦਾ ਹੈ। ਇੰਨਾ ਹੀ ਨਹੀਂ। ਡਾਕਟਰਾਂ ਅਨੁਸਾਰ ਲੰਬੇ ਸਮੇਂ ਤੱਕ ਭੁੱਖੇ ਰਹਿਣ ਕਾਰਨ ਉਸ ਦੇ ਲੀਵਰ ਵਿੱਚ ਵੀ ਸਮੱਸਿਆ ਹੋ ਸਕਦੀ ਹੈ।

ਵੀਰਵਾਰ ਨੂੰ ਵੀ ਕਿਸਾਨਾਂ ਨੇ ਡੱਲੇਵਾਲ ਦਾ ਚੈਕਅੱਪ ਕਰਨ ਆਈ ਸਰਕਾਰੀ ਡਾਕਟਰਾਂ ਦੀ ਟੀਮ ਨੂੰ ਰੋਕ ਲਿਆ ਸੀ। ਹਾਲਾਂਕਿ ਬਾਅਦ ਵਿੱਚ ਡਾਕਟਰਾਂ ਦੀ ਟੀਮ ਨੇ ਡੱਲੇਵਾਲ ਦੀ ਸਾਰੀ ਜਾਂਚ ਰਿਪੋਰਟ ਕਿਸਾਨਾਂ ਨੂੰ ਸੌਂਪ ਦਿੱਤੀ। ਇਸ ਤੋਂ ਬਾਅਦ ਕਿਸਾਨਾਂ ਨੇ ਸਰਕਾਰੀ ਡਾਕਟਰਾਂ ਦੀ ਟੀਮ ਨੂੰ ਡੱਲੇਵਾਲ ਜਾਣ ਦਿੱਤਾ। ਇਸ ਦੇ ਨਾਲ ਹੀ ਅੱਜ ਅਮਰੀਕਾ ਤੋਂ ਡਾਕਟਰ ਵੀ ਡੱਲੇਵਾਲ ਦੀ ਜਾਂਚ ਲਈ ਪਹੁੰਚੇ ਹਨ। ਡੱਲੇਵਾਲ ਦੀ ਹਾਲਤ ਖ਼ਰਾਬ ਹੋਣ ਕਾਰਨ ਕਿਸਾਨਾਂ ਨੇ ਉਸ ਦੀ ਸੁਰੱਖਿਆ ਵੀ ਵਧਾ ਦਿੱਤੀ ਹੈ। ਬੁੱਧਵਾਰ ਰਾਤ ਨੂੰ ਕਿਸਾਨ ਆਗੂਆਂ ਨੇ ਖਨੌਰੀ ਸਰਹੱਦ ਤੋਂ ਇੱਕ ਵੀਡੀਓ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੂਤਰਾਂ ਤੋਂ ਸੂਚਨਾ ਮਿਲੀ ਸੀ ਕਿ ਕੇਂਦਰ ਸਰਕਾਰ ਕਿਸਾਨਾਂ 'ਤੇ ਹਮਲਾ ਕਰਕੇ ਡੱਲੇਵਾਲ ਨੂੰ ਹਿਰਾਸਤ ਵਿੱਚ ਲੈ ਸਕਦੀ ਹੈ। ਇਸ ਲਈ ਡੱਲੇਵਾਲ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।



REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com





Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service


WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com





Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ





We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਅਮਰੀਕਾ 'ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਭਾਰੀ ਹੋਈ ਗਿਰਾਵਟ



ਵਾਸ਼ਿੰਗਟਨ : ਅਮਰੀਕਾ 'ਚ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਸਬੰਧੀ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ। ਅੰਕੜਿਆਂ ਮੁਤਾਬਕ ਅਮਰੀਕੀ ਸੰਸਥਾਵਾਂ ਵਿਚ ਪੜ੍ਹਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਆਈ ਹੈ। ਕੋਵਿਡ (ਮਹਾਮਾਰੀ) ਤੋਂ ਬਾਅਦ ਇਹ ਸਭ ਤੋਂ ਵੱਡੀ ਗਿਰਾਵਟ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪਿਛਲੇ ਸਾਲ ਇਨ੍ਹਾਂ ਦਿਨਾਂ ਦੇ ਮੁਕਾਬਲੇ 2024 ਦੇ ਪਹਿਲੇ ਨੌਂ ਮਹੀਨਿਆਂ ਵਿਚ ਭਾਰਤੀਆਂ ਨੂੰ ਜਾਰੀ ਕੀਤੇ ਗਏ ਐੱਫ-1 ਵਿਦਿਆਰਥੀ ਵੀਜ਼ਾ ਵਿਚ 38 ਫੀਸਦੀ ਦੀ ਕਮੀ ਆਈ ਹੈ। ਕੌਂਸਲਰ ਮਾਮਲਿਆਂ ਦੇ ਬਿਊਰੋ ਦੀ ਵੈੱਬਸਾਈਟ 'ਤੇ ਉਪਲਬਧ ਗੈਰ-ਪ੍ਰਵਾਸੀ ਵੀਜ਼ਾ ਰਿਪੋਰਟ ਦਾ ਵਿਸ਼ਲੇਸ਼ਣ ਕੀਤਾ ਗਿਆ, ਜੋ ਦਰਸਾਉਂਦਾ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਐੱਫ-1 ਵੀਜ਼ੇ ਮਹਾਮਾਰੀ ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਏ ਹਨ।

ਇਸ ਸਾਲ ਜਨਵਰੀ ਤੋਂ ਸਤੰਬਰ ਤੱਕ 64,008 ਵੀਜ਼ੇ ਜਾਰੀ ਕੀਤੇ ਗਏ ਹਨ, ਜਦੋਂਕਿ 2023 ਦੇ ਇਸੇ ਮਹੀਨਿਆਂ ਦੌਰਾਨ 1,03,495 ਵੀਜ਼ੇ ਜਾਰੀ ਕੀਤੇ ਗਏ ਸਨ। ਅੰਕੜੇ ਦੱਸਦੇ ਹਨ ਕਿ 2021 ਵਿਚ 65,235 ਵੀਜ਼ੇ ਜਾਰੀ ਕੀਤੇ ਗਏ ਸਨ ਅਤੇ 2022 ਵਿਚ 93,181 ਵੀਜ਼ੇ ਜਾਰੀ ਕੀਤੇ ਗਏ ਸਨ। ਮਹਾਮਾਰੀ ਦੌਰਾਨ 2020 ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਭਾਰਤੀਆਂ ਨੂੰ ਸਿਰਫ਼ 6,646 ਐੱਫ-1 ਵੀਜ਼ਾ ਜਾਰੀ ਕੀਤੇ ਗਏ ਸਨ।

ਇਹ ਗਿਰਾਵਟ ਸਿਰਫ਼ ਭਾਰਤੀ ਵਿਦਿਆਰਥੀਆਂ ਤੱਕ ਸੀਮਤ ਨਹੀਂ ਹੈ। ਅਮਰੀਕਾ ਆਉਣ ਵਾਲੇ ਚੀਨੀ ਵਿਦਿਆਰਥੀਆਂ ਦੀ ਗਿਣਤੀ ਵਿਚ ਵੀ ਵੱਡੀ ਗਿਰਾਵਟ ਦੇਖੀ ਗਈ ਹੈ। 2024 ਦੇ ਮੁਕਾਬਲੇ ਚੀਨ ਦੇ ਵਿਦਿਆਰਥੀ 8 ਫੀਸਦੀ ਘੱਟ ਪਹੁੰਚ ਗਏ ਹਨ। ਚੀਨੀ ਵਿਦਿਆਰਥੀਆਂ ਨੂੰ ਜਨਵਰੀ ਤੋਂ ਸਤੰਬਰ ਤੱਕ ਕੁੱਲ 73,781 ਐੱਫ-1 ਵੀਜ਼ਾ ਜਾਰੀ ਕੀਤੇ ਗਏ ਸਨ, ਜੋ ਪਿਛਲੇ ਸਾਲ 80,603 ਤੋਂ ਘੱਟ ਸਨ, ਪਰ ਅਜੇ ਵੀ 2022 ਵਿਚ ਜਾਰੀ ਕੀਤੇ ਗਏ 52,034 ਤੋਂ ਵੱਧ ਹਨ। ਐੱਫ-1 ਵੀਜ਼ਾ ਅਮਰੀਕਾ ਵਿਚ ਵਿਦਿਅਕ ਸੰਸਥਾਵਾਂ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਇੱਕ ਗੈਰ-ਪ੍ਰਵਾਸੀ ਸ਼੍ਰੇਣੀ ਹੈ। ਜਦੋਂ ਕਿ ਐੱਮ.-1 ਵੀਜ਼ਾ ਪੇਸ਼ੇਵਰ ਤੇ ਗੈਰ-ਅਕਾਦਮਿਕ ਪ੍ਰੋਗਰਾਮਾਂ ਨੂੰ ਕਵਰ ਕਰਦਾ ਹੈ। ਇਹ ਵਿਸ਼ਲੇਸ਼ਣ ਐੱਫ.-1 ਵੀਜ਼ਾ 'ਤੇ ਕੇਂਦ੍ਰਿਤ ਹੈ, ਜੋ ਕਿ ਸਾਲਾਨਾ ਅਮਰੀਕੀ ਵਿਦਿਆਰਥੀ ਵੀਜ਼ਿਆਂ ਦਾ 90 ਪ੍ਰਤੀਸ਼ਤ ਤੋਂ ਵੱਧ ਹੈ। ਵਿਦੇਸ਼ੀ ਸਿੱਖਿਆ ਸਲਾਹਕਾਰਾਂ ਨੇ ਇਸ ਸਾਲ ਐੱਫ-1 ਵੀਜ਼ਾ ਜਾਰੀ ਕਰਨ ਵਿਚ ਕਮੀ ਦੇ ਕਾਰਨਾਂ ਬਾਰੇ ਗੱਲ ਕੀਤੀ ਹੈ। ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਵੀ ਇਸ ਦਾ ਇਕ ਅਹਿਮ ਕਾਰਨ ਦੱਸਿਆ ਗਿਆ ਹੈ। ਲੰਬੇ ਇੰਤਜ਼ਾਰ ਦੇ ਸਮੇਂ ਅਤੇ ਵੀਜ਼ਾ ਸਬੰਧੀ ਚੁਣੌਤੀਆਂ ਬਾਰੇ ਵਿਦਿਆਰਥੀਆਂ ਦੀਆਂ ਚਿੰਤਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

# 'ਹਾਂਜੀ ਕੀ ਚਾਹੀਦਾ' ਸ਼ਬਦਾਵਲੀ ਨਾਲ ਸੋਸ਼ਲ ਮੀਡੀਆ 'ਤੇ ਮਸ਼ਹੂਰ ਰੁਖਸਾਰ ਅਤੇ 4 ਹੋਰ ਗ੍ਰਿਫ਼ਤਾਰ

ਚੰਡੀਗੜ੍ਹ : ਪੀਲ ਰੀਜਨਲ ਪੁਲੀਸ ਐਕਸਟੌਰਸ਼ਨ ਇਨਵੈਸਟੀਗੇਟਿਵ ਟਾਸਕ ਫੋਰਸ (EITF) ਦੇ ਜਾਂਚ ਅਧਿਕਾਰੀਆਂ ਨੇ ਬਰੈਂਪਟਨ ਅਤੇ ਮਿਸੀਸਾਗਾ ਵਿੱਚ ਦੱਖਣੀ ਏਸ਼ੀਆਈ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਜਬਰੀ ਵਸੂਲੀ ਨਾਲ ਸਬੰਧਤ ਘਟਨਾਵਾਂ ਦੇ ਸਬੰਧ ਵਿੱਚ ਪੰਜ ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। EITF ਇਹਨਾਂ ਘਟਨਾਵਾਂ ਦੀ ਜਾਂਚ ਕਰਨ ਲਈ ਕੈਨੇਡਾ ਭਰ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖ ਰਿਹਾ ਹੈ। ਹਾਲ ਹੀ ਵਿੱਚ EITF ਨੇ ਵੱਖ ਵੱਖ ਦੋਸ਼ਾਂ ਹੇਠ ਪੰਜ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਚਾਰ ਹਥਿਆਰ ਜ਼ਬਤ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ 'ਤੇ ਧਮਕੀਆਂ ਦੇ ਤਹਿਤ ਵੱਡੀ ਰਕਮ ਦੀ ਮੰਗ ਸ਼ਾਮਲ ਹੈ। ਪੀਲ ਰੀਜਨਲ ਪੁਲੀਸ ਦੀ ਅਧਿਕਾਰਤ ਵੈੱਬਸਾਈਟ 'ਤੇ ਜਾਰੀ ਪ੍ਰੈਸ ਨੋਟ ਅਨੁਸਾਰ ਇਨ੍ਹਾਂ ਦੀ ਪਛਾਣ 27 ਸਾਲਾ ਬੰਧੂਮਾਨ ਸੇਖੋਂ, 25 ਸਾਲਾ ਹਰਮਨਜੀਤ ਸਿੰਘ, 44 ਸਾਲਾ ਤੇਜਿੰਦਰ ਤਤਲਾ, 21 ਸਾਲਾ ਰੁਖਸਾਰ ਅਚਕਜ਼ਈ, 24 ਸਾਲਾ ਦਿਨੇਸ਼ ਕੁਮਾਰ ਅਤੇ ਵਜੋਂ ਹੋਈ ਹੈ। ਉਹ ਕੁੱਲ 16 ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਬਰੈਂਪਟਨ ਦੀ ਰਹਿਣ ਵਾਲੀ 21 ਸਾਲਾ ਰੁਖਸਾਰ ਅਚਕਜ਼ਈ ਨੂੰ ਸਤੰਬਰ 2023 ਦੀਆਂ ਘਟਨਾਵਾਂ ਲਈ 30 ਜੁਲਾਈ, 2024 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਜਬਰੀ ਵਸੂਲੀ, $5000.00 ਤੋਂ ਘੱਟ ਦੀ ਧੋਖਾਧੜੀ ਦੇ ਦੋਸ਼ ਲਾਏ ਗਏ ਸਨ। ਉਸ ਨੂੰ ਬਰੈਂਪਟਨ ਵਿੱਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿੱਚ ਜ਼ਮਾਨਤ ਦੀ ਸੁਣਵਾਈ ਲਈ ਹਿਰਾਸਤ ਵਿੱਚ ਰੱਖਿਆ ਗਿਆ ਸੀ ਅਤੇ ਉਦੋਂ ਤੋਂ ਅਦਾਲਤ ਦੁਆਰਾ ਲਗਾਈਆਂ ਗਈਆਂ ਸ਼ਰਤਾਂ ਨਾਲ ਰਿਹਾ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਰੁਖਸਾਰ 'ਹਾਂਜੀ ਕੀ ਚਾਹੀਦਾ' ਦੀ ਸ਼ਬਦਾਵਲੀ ਨਾਲ ਕਾਫ਼ੀ ਚਰਚਿਤ ਹੈ। ਪੰਜਾਬ ਦੇ ਲੋਕ ਸੋਸ਼ਲ ਮੀਡੀਆ 'ਤੇ ਇਸ਼ਤਿਹਾਰਬਾਜ਼ੀ ਕਰਨ ਲਈ ਅਤੇ ਵੀਡੀਓਜ਼ ਬਣਾਉਣ ਲਈ ਅਕਸਰ ਇਨ੍ਹਾਂ ਸ਼ਬਦਾਂ ਦੀ ਵਰਤੋ ਕਰਦੇ ਆ ਰਹੇ ਹਨ।

# ਟੋਰਾਂਟੋ ਵਿਖੇ ਜੀ.ਟੀ.ਏ. ਦੇ ਘਰਾਂ 'ਚ ਡਾਕੇ ਮਾਰਨ ਵਾਲੇ ਗਿਰੋਹ ਦਾ ਪਰਦਾਫਾਸ਼

## ਯਾਰਕ ਰੀਜਨਲ ਪੁਲਿਸ ਨੇ ਗ੍ਰਿਫ਼ਤਾਰ ਕੀਤੇ 17 ਸ਼ੱਕੀ




ਰਿਚਮੰਡ ਹਿਲ : ਗਰੇਟਰ ਟੋਰਾਂਟੋ ਏਰੀਆ ਦੇ ਘਰਾਂ ਵਿਚ ਡਾਕੇ ਮਾਰਨ, ਹਥਿਆਰਬੰਦ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਅਤੇ ਨਸ਼ਾ ਤਸਕਰੀ ਲਈ ਜ਼ਿੰਮੇਵਾਰ ਇਕ ਵੱਡੇ ਗਿਰੋਹ ਦਾ ਪਰਦਾ ਫ਼ਾਸ਼ ਕਰਦਿਆਂ ਯਾਰਕ ਰੀਜਨਲ ਪੁਲਿਸ ਵੱਲੋਂ 17 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀਲ ਰੀਜਨਲ ਪੁਲਿਸ ਅਤੇ ਟੋਰਾਂਟੋ ਪੁਲਿਸ ਦੀ ਸਹਾਇਤਾ ਨਾਲ 'ਪ੍ਰੋਜੈਕਟ ਸਕਾਈਫਾਲ' ਅਧੀਨ ਕੀਤੀ ਗਈ ਕਾਰਵਾਈ ਦੌਰਾਨ 14 ਮਿਲੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਗਏ।

ਮੀਡੀਆ ਨਾਲ ਗੱਲਬਾਤ ਕਰਦਿਆਂ ਯਾਰਕ ਰੀਜਨਲ ਪੁਲਿਸ ਦੇ ਉਪ ਮੁਖੀ ਐਲਵੈਰੋ ਅਲਮੇਡਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਸ਼ੱਕੀਆਂ ਵਿਚੋਂ ਛੇ ਕਿਸੇ ਨਾ ਕਿਸੇ ਹੋਰ ਮਾਮਲੇ ਵਿਚ ਜ਼ਮਾਨਤ 'ਤੇ ਚੱਲ ਰਹੇ ਸਨ। ਪ੍ਰੋਜੈਕਟ ਸਕਾਈਫਾਲ ਅਧੀਨ 48 ਤਲਾਸ਼ੀ ਵਾਰੰਟਾਂ ਦੀ ਤਾਮੀਲ ਕੀਤੀ ਗਈ ਅਤੇ ਕੋਕੀਨ, ਮੈਥਮਫੈਟਾਮਿਨ ਵਰਗੇ ਨਸ਼ਿਆਂ ਤੋਂ ਇਲਾਵਾ ਦੋ ਹੈਂਡਗੰਨਜ਼ ਅਤੇ ਇਕ ਸ਼ੌਟਗੰਨ ਬਰਾਮਦ ਕੀਤੀ ਗਈ। ਗ੍ਰਿਫ਼ਤਾਰ ਕੀਤੇ 17 ਸ਼ੱਕੀਆਂ ਵਿਰੁੱਧ 83 ਦੋਸ਼ ਆਇਦ ਕੀਤੇ ਗਏ ਹਨ। ਇਥੇ ਦਸਣਾ ਬਣਦਾ ਹੈ ਕਿ ਪ੍ਰੋਜੈਕਟ ਸਕਾਈਫਾਲ ਅਧੀਨ ਪੜਤਾਲ ਦਾ ਸਿਲਸਿਲਾ ਦਸੰਬਰ 2023 ਵਿਚ ਆਰੰਭ ਹੋਇਆ ਜਦੋਂ ਵੌਅਨ ਦੇ ਫੌਰੈਸਟ ਡਰਾਈਵ ਅਤੇ ਹਾਰਮੋਨੀਆ ਕ੍ਰਸੈਂਟ ਇਲਾਕੇ ਦੇ ਇਕ ਘਰ ਵਿਚ ਤਿੰਨ ਸ਼ੱਕੀ ਜ਼ਬਰਦਸਤੀ ਦਾਖਲ ਹੋ ਗਏ ਅਤੇ ਪਰਵਾਰਕ ਮੈਂਬਰਾਂ ਨੂੰ ਬੰਦੂਕ ਦੀ ਨੋਕ 'ਤੇ ਬੰਦੀ ਬਣਾ ਲਿਆ।

### 14 ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥ ਬਰਾਮਦ

ਇਸ ਦੌਰਾਨ ਸ਼ੱਕੀਆਂ ਵੱਲੋਂ ਪਰਵਾਰ ਮੈਂਬਰਾਂ ਦੀ ਕੁੱਟਮਾਰ ਕਰਦਿਆਂ ਪੈਸੇ ਦੀ ਮੰਗ ਕੀਤੀ ਗਈ। ਇਸੇ ਦੌਰਾਨ ਇਕ ਔਰਤ ਨੇ 911 'ਤੇ ਕਾਲ ਕਰ ਦਿਤੀ ਅਤੇ ਪੁਲਿਸ ਅਫ਼ਸਰ ਮੌਕੇ 'ਤੇ ਪੁੱਜ ਗਏ। ਦੋਹਾਂ ਧਿਰਾਂ ਵਿਚਾਲੇ ਟਕਰਾਅ ਹੋਇਆ ਅਤੇ ਇਕ ਅਫਸਰ ਨੇ ਲੁਟੇਰਿਆਂ ਵੱਲ ਕਈ ਗੋਲੀਆਂ ਵੀ ਚਲਾਈਆਂ। ਕਰੜੀ ਮੁਸ਼ੱਕਤ ਮਗਰੋਂ ਪੁਲਿਸ ਨੇ ਇਕ ਸ਼ੱਕੀ ਨੂੰ ਕਾਬੂ ਕਰ ਲਿਆ ਜਿਸ ਕੋਲੋਂ ਭਰੀ ਹੋਈ ਪਸਤੌਲ ਬਰਾਮਦ ਕੀਤੀ ਗਈ। ਇਸ ਮਗਰੋਂ ਪੁਲਿਸ ਨੇ ਪੜਤਾਲ ਦਾ ਸਿਲਸਿਲਾ ਸ਼ੁਰੂ ਕੀਤਾ ਤਾਂ ਲੜੀਆਂ ਜੁੜਦੀਆਂ ਚਲੀਆਂ ਗਈਆਂ।

# ਭਾਰਤੀ-ਅਮਰੀਕੀ ਹਰਮੀਤ ਢਿੱਲੋਂ ਪੰਜਾਬ ਦੇ ਕਿਸਾਨ ਸੰਘਰਸ਼ ਦੀ ਹਮਾਇਤੀ



ਨਿਊਯਾਰਕ : ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਰਿਪਬਲਿਕਨ ਪਾਰਟੀ ਦੀ ਕਾਰਕੁਨ ਅਤੇ ਭਾਰਤੀ ਮੂਲ ਦੀ ਅਮਰੀਕੀ ਹਰਮੀਤ ਢਿੱਲੋਂ ਨੂੰ ਨਾਗਰਿਕ ਅਧਿਕਾਰਾਂ ਲਈ ਸਹਾਇਕ ਅਟਾਰਨੀ ਜਨਰਲ ਬਣਾਇਆ ਗਿਆ ਹੈ। ਢਿੱਲੋਂ, ਜੋ ਭਾਰਤ ਵਿੱਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੀ ਸਮਰਥਕ ਵੀ ਹੈ ਅਤੇ 'ਭਾਰਤੀ ਡੈੱਥ ਸਕੁਐਡਜ਼' ਦਾ ਮੁੱਦਾ ਵੀ ਉਠਾਉਂਦੀ ਰਹੀ ਹੈ। ਬਾਰੇ ਟਰੰਪ ਨੇ ਕਿਹਾ, ''ਨਿਆਂ ਵਿਭਾਗ ਵਿੱਚ ਆਪਣੀ ਨਵੀਂ ਭੂਮਿਕਾ ਵਿੱਚ ਸਾਡੇ ਸੰਵਿਧਾਨਕ ਅਧਿਕਾਰਾਂ ਦੀ ਅਣਥੱਕ ਰੱਖਿਅਕ ਹੋਵੇਗੀ ਅਤੇ ਸਾਡੇ ਨਾਗਰਿਕ ਅਧਿਕਾਰਾਂ ਅਤੇ ਚੋਣ ਕਾਨੂੰਨਾਂ ਨੂੰ ਨਿਰਪੱਖਤਾ ਅਤੇ ਦ੍ਰਿੜਤਾ ਨਾਲ ਲਾਗੂ ਕਰੇਗੀ।''

ਟਰੰਪ ਨੇ ਇਹ ਵੀ ਅੰਕਿਤ ਕੀਤਾ ਕਿ ਉਹ "ਸਿੱਖ ਧਾਰਮਿਕ ਭਾਈਚਾਰੇ ਦੀ ਇੱਕ ਸਤਿਕਾਰਤ ਮੈਂਬਰ ਹੈ"। ਸੋਸ਼ਲ ਮੀਡੀਆ ਐਕਸ 'ਤੇ ਢਿੱਲੋਂ ਨੇ ਕਿਸਾਨਾਂ ਦੇ ਅੰਦੋਲਨ ਦਾ ਸਮਰਥਨ ਕੀਤਾ ਹੈ। ਆਪਣੇ ਪਰਿਵਾਰ ਦਾ ਖੇਤੀ ਨਾਲ ਜੁੜੇ ਹੋਣ ਬਾਰੇ ਜ਼ਿਕਰ ਕਰਦੇ ਹੋਏ ਢਿੱਲੋਂ ਨੇ ਇੱਕ ਹੋਰ ਪੋਸਟ ਨੇ ਕਿਹਾ, "ਮੈਂ #ਵਉਰਮਏਰਸਫਰੋਟਏਸਟਸ ਦੇ ਨਾਲ ਖੜ੍ਹੀ ਹਾਂ"! ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਦਰਸ਼ਨਕਾਰੀਆਂ ਨਾਲ ਮਿਲਣ ਅਤੇ ਸਮਝੌਤਾ ਕਰਨ ਦੀ ਅਪੀਲ ਵੀ ਕੀਤੀ।

ਉਨ੍ਹਾਂ ਕਿਹਾ ਪੰਜਾਬ ਵਿੱਚ ਪੈਦਾ ਹੋਣ ਦੇ ਨਾਤੇ, ਮੇਰਾ ਦਿਲ ਇਹ ਦੇਖ ਕੇ ਟੁੱਟਦਾ ਹੈ ਕਿ ਪੰਜਾਬੀ ਕਿਸਾਨਾਂ 'ਤੇ ਭਾਰਤੀ ਸਰਕਾਰ ਦੇ ਵੱਡੇ-ਕਾਰਪੋਰੇਸ਼ਨ ਪੱਖੀ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਲਈ ਹਮਲਾ ਕੀਤਾ ਗਿਆ ਹੈ। ਇਹ ਉਨ੍ਹਾਂ ਦੇ ਖੇਤਾਂ, ਜੀਵਨ ਢੰਗ ਅਤੇ ਸੱਭਿਆਚਾਰ ਨੂੰ ਤਬਾਹ ਕਰ ਦੇਵੇਗਾ। ਪ੍ਰਧਾਨ ਮੰਤਰੀ ਜੀ ਉਨ੍ਹਾਂ ਨੂੰ ਸੁਣੋ, ਉਨ੍ਹਾਂ ਨੂੰ ਮਿਲੋ, ਸਮਝੌਤਾ ਕਰੋ।

ਨਾਗਰਿਕ ਅਧਿਕਾਰਾਂ ਲਈ ਸਹਾਇਕ ਅਟਾਰਨੀ ਜਨਰਲ ਦੇ ਅਹੁਦੇ ਨਾਤੇ ਉਨ੍ਹਾਂ ਕੋਲ ਸਿੱਧੇ ਤੌਰ 'ਤੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਨਹੀਂ ਹਨ ਅਤੇ ਇਹ ਜ਼ਿੰਮੇਵਾਰੀ ਭਾਰਤ ਨਾਲ ਜੁੜੇ ਦੋ ਵਿਵਾਦਪੂਰਨ ਮਾਮਲਿਆਂ ਦੀ ਨਿਗਰਾਨੀ ਨਹੀਂ ਕਰਦੀ ਹੈ। ਖਾਲਿਸਤਾਨੀਆਂ ਵਿਰੁੱਧ ਸਾਜ਼ਿਸ਼ ਦਾ ਦੋਸ਼ ਲਗਾਉਣ ਵਾਲਾ ਚੱਲ ਰਿਹਾ ਕੇਸ ਉਸ ਦੇ ਦਾਇਰੇ ਵਿਚ ਨਹੀਂ ਆਵੇਗਾ ਕਿਉਂਕਿ ਇਹ ਰਾਸ਼ਟਰੀ ਸੁਰੱਖਿਆ ਡਿਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ ਦਾ ਦਾਇਰਾ ਅਖ਼ਤਿਆਰ ਵਿਚ ਹੋਵੇਗਾ। "ਡੈੱਥ ਸਕੁਐਡਜ਼" ਦਾ ਜ਼ਿਕਰ ਇੱਕ ਭਾਰਤੀ ਨਾਗਰਿਕ ਅਤੇ ਇੱਕ ਸਾਬਕਾ ਰਾਅ ਅਧਿਕਾਰੀ ਵਿਰੁੱਧ ਦਾਇਰ ਕੇਸ ਦਾ ਸਪੱਸ਼ਟ ਸੰਦਰਭ ਸੀ ਜਿਸ ਵਿੱਚ ਉਨ੍ਹਾਂ ਉੱਤੇ ਅਮਰੀਕਾ ਵਿੱਚ ਇੱਕ ਵੱਖਵਾਦੀ ਕਾਰਕੁਨ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਗਿਆ ਸੀ। ਜੇ ਉਨ੍ਹਾਂ ਦੀ ਨਿਯੁਕਤੀ ਨੂੰ ਸੈਨੇਟ ਦੀ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਢਿੱਲੋਂ ਵਨੀਤਾ ਗੁਪਤਾ ਤੋਂ ਬਾਅਦ ਸਭ ਤੋਂ ਉੱਚ ਨਾਗਰਿਕ ਅਧਿਕਾਰਾਂ ਦਾ ਅਹੁਦਾ ਸੰਭਾਲਣ ਵਾਲੀ ਦੂਜੀ ਭਾਰਤੀ ਅਮਰੀਕੀ ਬਣ ਜਾਵੇਗੀ।

# ਕੈਨੇਡਾ ਦੇ ਐਡਮਿੰਟਨ 'ਚ ਰਹਿੰਦੇ ਪੰਜਾਬੀ ਨੌਜਵਾਨ ਦੀ ਹੱਤਿਆ, ਦੋ ਮੁਲਜ਼ਮ ਗ੍ਰਿਫ਼ਤਾਰ



ਵੈਨਕੂਵਰ : ਸਾਲ ਕੁ ਪਹਿਲਾਂ ਕੈਨੇਡਾ ਆਏ ਪੰਜਾਬੀ ਨੌਜੁਆਨ ਨੂੰ ਦੋ ਜਣਿਆਂ ਵੱਲੋਂ ਕਤਲ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੰਬਾਲਾ ਨੇੜਲੇ ਪਿੰਡ ਮੁਟੇਰੀ ਜੱਟਾਂ ਦਾ ਰਹਿਣ ਵਾਲਾ ਹਰਸ਼ਾਨਦੀਪ ਸਿੰਘ ਅੰਟਾਲ (20) ਸਾਲ ਕੁ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਦੇ ਸ਼ਹਿਰ ਐਡਮੰਟਨ ਆਇਆ ਸੀ ਤੇ ਹੁਣ ਪੜ੍ਹਾਈ ਦੇ ਨਾਲ ਨਾਲ ਸਕਿਉਰਟੀ ਗਾਰਡ ਵਜੋਂ ਕੰਮ ਕਰ ਰਿਹਾ ਸੀ।

ਪੁਲੀਸ ਅਨੁਸਾਰ ਸ਼ਨਿੱਚਰਵਾਰ ਸਵੇਰੇ ਇੱਕ ਘਰ 'ਚ ਗੜਬੜ ਦੀ ਸੂਚਨਾ ਮਿਲਣ 'ਤੇ ਪੁਲੀਸ ਮੌਕੇ 'ਤੇ ਪਹੁੰਚੀ ਤਾਂ ਨੌਜੁਆਨ ਤੜਪ ਰਿਹਾ ਸੀ। ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਦੇਣ ਦੇ ਬਾਵਜੂਦ ਬਚਾਇਆ ਨਾ ਜਾ ਸਕਿਆ। ਉਸਨੂੰ ਮਾਰਨ ਵਾਲੇ 30-30 ਸਾਲਾਂ ਦੇ ਦੋ ਵਿਅਕਤੀਆਂ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਕੇ ਉਨ੍ਹਾਂ 'ਤੇ ਪਹਿਲਾ ਦਰਜਾ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ।

ਹੋਰ ਜਾਣਕਾਰੀ ਅਨੁਸਾਰ ਹਰਸ਼ਾਨਦੀਪ ਨੂੰ ਉਸ ਘਰ ਦੀ ਰਖਵਾਲੀ ਵਾਸਤੇ ਸਕਿਉਰਟੀ ਗਾਰਡ ਵਜੋਂ ਭੇਜਿਆ ਗਿਆ ਸੀ। ਮਾਰਨ ਵਾਲਿਆਂ ਉੱਤੇ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਰੁਜ਼ਗਾਰ ਦੇ ਮੌਕਿਆਂ ਦਾ ਫਾਇਦਾ ਲੈਣ ਕੈਨੇਡਾ ਆਏ ਮਾਪਿਆਂ ਦੇ ਇਕਲੌਤੇ ਪੁੱਤਰ ਹਰਸ਼ਾਨਦੀਪ ਨੂੰ ਲਾਸ਼ ਦੇ ਰੂਪ ਵਿੱਚ ਵਤਨ ਭੇਜਣ ਅਤੇ ਉਸਦੇ ਮਾਪਿਆਂ ਦੀ ਆਰਥਿਕ ਮਦਦ ਲਈ ਉਸਦੇ ਰਿਸ਼ਤੇਦਾਰਾਂ ਵਲੋਂ ਬਣਾਏ ਗੋਫੰਡ ਖਾਤੇ ਵਿੱਚ ਦਾਨੀਆਂ ਨੇ ਖੁੱਲ੍ਹੇ ਮਨ ਨਾਲ ਪੈਸੇ ਜਮ੍ਹਾਂ ਕਰਵਾਏ ਹਨ। ਖਬਰ ਲਿਖੇ ਜਾਣ ਤੱਕ ਰਕਮ ਸਵਾ ਕੁ ਲੱਖ ਡਾਲਰ ਨੇੜੇ ਪਹੁੰਚਣ ਵਾਲੀ ਸੀ।

# ਜਾਦੂ-ਟੂਣੇ ਦੇ ਮਾਮਲੇ 'ਚ ਇਸ ਖੇਤਰ ਦੇ 110 ਲੋਕਾਂ ਦੀ ਗਈ ਜਾਨ !



ਹੈਤੀ ਦੀ ਰਾਜਧਾਨੀ ਪੋਰਟ-ਓ-ਪ੍ਰਿੰਸ ਦੇ ਨੇੜੇ ਇੱਕ ਬਹੁਤ ਹੀ ਗਰੀਬ ਖੇਤਰ ਅਤੇ ਸਾਲਾਂ ਤੋਂ ਹਿੰਸਾ ਵਿੱਚ ਘਿਰੇ ਸਾਈਟ ਸੋਲੀਲ (Cite Soleil) ਵਿੱਚ ਇਸ ਹਫ਼ਤੇ ਲਗਭਗ 110 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਹੈ। ਕਤਲ ਦਾ ਕਾਰਨ ਜਾਦੂ-ਟੂਣਾ ਦੱਸਿਆ ਜਾ ਰਿਹਾ ਹੈ। ਇੱਕ ਪ੍ਰਮੁੱਖ ਮਨੁੱਖੀ ਅਧਿਕਾਰ ਸੰਗਠਨ ਨੈਸ਼ਨਲ ਹਿਊਮਨ ਰਾਈਟਸ ਡਿਫੈਂਸ ਨੈੱਟਵਰਕ (ਆਰ.ਐੱਨ.ਡੀ.ਡੀ.ਐੱਚ.) ਨੇ ਐਤਵਾਰ ਨੂੰ ਦੱਸਿਆ ਕਿ ਇਹ ਕਤਲ ਮੋਨੇਲ ਮਿਕਾਨੋ ਫੇਲਿਕਸ ਨਾਂ ਦੇ ਇੱਕ ਸਥਾਨਕ ਗਰੋਹ ਆਗੂ ਨੇ ਬਦਲੇ ਦੀ ਭਾਵਨਾ ਨਾਲ ਕੀਤੇ ਹਨ।

ਗੈਂਗ ਲੀਡਰ ਫੇਲਿਕਸ ਨੇ ਇਹ ਕਤਲ ਉਸ ਦੇ ਬੱਚੇ ਦੇ ਬੀਮਾਰ ਹੋਣ ਤੋਂ ਬਾਅਦ ਮੌਤ ਹੋਣ 'ਤੇ ਕੀਤੇ ਸਨ। ਮੀਡੀਆ ਰਿਪੋਰਟਾਂ ਮੁਤਾਬਕ ਇਸ ਗਿਰੋਹ ਦੇ ਆਗੂ ਨੂੰ ਇੱਕ ਵੂਡੂ ਪੁਜਾਰੀ ਨੇ ਦੱਸਿਆ ਸੀ ਕਿ ਉਸ ਦੇ ਬੱਚੇ ਨੂੰ ਨੁਕਸਾਨ ਪਹੁੰਚਾਉਣ ਲਈ ਇਲਾਕੇ ਦੇ ਬਜ਼ੁਰਗਾਂ ਨੇ ਜਾਦੂ ਕੀਤਾ ਹੈ। ਸ਼ਨੀਵਾਰ ਦੁਪਹਿਰ ਬੱਚੇ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਗੈਂਗ ਲੀਡਰ ਗੁੱਸੇ 'ਚ ਆ ਗਿਆ ਅਤੇ ਉਸ ਨੇ ਆਪਣੇ ਗੈਂਗ ਦੇ ਮੈਂਬਰਾਂ ਨੂੰ ਬਦਲਾ ਲੈਣ ਦਾ ਹੁਕਮ ਦਿੱਤਾ।

### ਇਲਾਕੇ ਦੇ ਬਜ਼ੁਰਗਾਂ ਨੂੰ ਚੁਣ-ਚੁਣ ਕੇ ਮਾਰਿਆ

RNDDH ਦੇ ਅਨੁਸਾਰ, ਗਿਰੋਹ ਦੇ ਮੈਂਬਰਾਂ ਨੇ ਸ਼ੁੱਕਰਵਾਰ ਨੂੰ ਘੱਟੋ ਘੱਟ 60 ਅਤੇ ਸ਼ਨੀਵਾਰ ਨੂੰ 50 ਲੋਕਾਂ ਨੂੰ ਚਾਕੂਆਂ ਅਤੇ ਕੁਹਾੜਿਆਂ ਨਾਲ ਮਾਰ ਦਿੱਤਾ। ਗੈਂਗ ਹਮਲਿਆਂ ਦਾ ਸ਼ਿਕਾਰ ਹੋਏ ਸਾਰੇ ਪੀੜਤਾਂ ਦੀ ਉਮਰ 60 ਸਾਲ ਤੋਂ ਵੱਧ ਦੱਸੀ ਜਾ ਰਹੀ ਹੈ। ਹੈਤੀ ਸਾਈਟ ਸੋਲੀਲ ਸਭ ਤੋਂ ਗਰੀਬ ਅਤੇ ਸਭ ਤੋਂ ਵੱਧ ਹਿੰਸਕ ਖੇਤਰਾਂ ਵਿੱਚੋਂ ਇੱਕ ਹੈ। ਇਸ ਕਾਰਨ ਇੱਥੇ ਗੈਂਗ ਦਾ ਕੰਟਰੋਲ ਕਾਫੀ ਮਜ਼ਬੂਤ ਹੈ।

ਸੰਯੁਕਤ ਰਾਸ਼ਟਰ ਦੇ ਅਨੁਸਾਰ, ਫੇਲਿਕਸ ਗੈਂਗ ਦੇ ਲਗਭਗ 300 ਮੈਂਬਰ ਹਨ ਅਤੇ ਇਹ ਗਿਰੋਹ ਪੋਰਟ-ਓ-ਪ੍ਰਿੰਸ ਦੇ ਆਸਪਾਸ ਦੇ ਖੇਤਰਾਂ ਜਿਵੇਂ ਕਿ ਫੋਰਟ ਡਿਮਾਂਚੇ ਅਤੇ ਲਾ ਸੈਲੀਨ ਵਿੱਚ ਸਰਗਰਮ ਹੈ। ਸਾਲ 2018 ਵਿੱਚ ਲਾ ਸੈਲੀਨ ਵਿੱਚ ਹੋਏ ਕਤਲੇਆਮ ਵਿੱਚ ਲਗਭਗ 71 ਲੋਕ ਮਾਰੇ ਗਏ ਸਨ ਅਤੇ ਸੈਂਕੜੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ ਸੀ। ਹੈਤੀ ਦੀ ਸਰਕਾਰ ਸਿਆਸੀ ਟਕਰਾਅ ਨਾਲ ਜੂਝ ਰਹੀ ਹੈ ਅਤੇ ਰਾਜਧਾਨੀ ਦੇ ਆਲੇ-ਦੁਆਲੇ ਗਰੋਹਾਂ ਦੇ ਵਧ ਰਹੇ ਦਬਦਬੇ ਨੂੰ ਰੋਕਣ ਵਿੱਚ ਅਸਫਲ ਰਹੀ ਹੈ।

# ਕੈਨੇਡਾ-ਮੈਕਸੀਕੋ ਨੂੰ ਲੈ ਕੇ ਟਰੰਪ ਨੇ ਕਿਹਾ- ਸਬਸਿਡੀ ਦਿੱਤੀ ਜਾ ਰਹੀ ਹੈ ਤਾਂ ਦੋਵਾਂ ਨੂੰ ਬਣਨਾ ਚਾਹੀਦਾ ਹੈ ਅਮਰੀਕਾ ਦਾ ਹਿੱਸਾ

ਵਾਸ਼ਿੰਗਟਨ: ਅਮਰੀਕਾ ਆਪਣੇ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨੂੰ ਕ੍ਰਮਵਾਰ 100 ਬਿਲੀਅਨ ਡਾਲਰ ਅਤੇ 300 ਬਿਲੀਅਨ ਡਾਲਰ ਦੀ ਸਬਸਿਡੀ ਦੇ ਰਿਹਾ ਹੈ। ਹੁਣ ਇਸ ਸਬੰਧੀ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਡੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਬਸਿਡੀਆਂ ਦਿੰਦੇ ਰਹਿੰਦੇ ਹਾਂ ਤਾਂ ਦੋਵਾਂ ਦੇਸ਼ਾਂ ਨੂੰ ਅਮਰੀਕਾ ਦਾ ਹਿੱਸਾ ਬਣ ਜਾਣਾ ਚਾਹੀਦਾ ਹੈ। ਇੰਨਾ ਹੀ ਨਹੀਂ, 78 ਸਾਲਾ ਟਰੰਪ ਨੇ ਕੈਨੇਡਾ ਅਤੇ ਮੈਕਸੀਕੋ ਨੂੰ ਧਮ.ਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ ਆਪਣੇ ਇਲਾਕਿਆਂ ਰਾਹੀਂ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਪ੍ਰਵਾਹ ਨਾ ਰੋਕਿਆ ਤਾਂ ਦੋਹਾਂ ਦੇਸ਼ਾਂ 'ਤੇ ਭਾਰੀ ਡਿਊਟੀਆਂ ਲਗਾਈਆਂ ਜਾਣਗੀਆਂ।

5 ਨਵੰਬਰ ਨੂੰ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਆਪਣੇ ਪਹਿਲੇ ਇੰਟਰਵਿਊ ਵਿੱਚ, ਰਿਪਬਲਿਕਨ ਨੇਤਾ ਨੇ ਕਿਹਾ, 'ਅਸੀਂ ਹਰ ਸਾਲ ਕੈਨੇਡਾ ਨੂੰ 100 ਬਿਲੀਅਨ ਡਾਲਰ ਦੀ ਸਬਸਿਡੀਆਂ ਦੇ ਰਹੇ ਹਾਂ। ਅਸੀਂ ਮੈਕਸੀਕੋ ਨੂੰ ਲਗਭਗ 300 ਬਿਲੀਅਨ ਡਾਲਰ ਦੀ ਸਬਸਿਡੀ ਦੇ ਰਹੇ ਹਾਂ। ਸਾਨੂੰ ਸਬਸਿਡੀ ਨਹੀਂ ਦੇਣੀ ਚਾਹੀਦੀ। ਅਸੀਂ ਇਹਨਾਂ ਦੇਸ਼ਾਂ ਨੂੰ ਇਹ ਕਿਉਂ ਦੇ ਰਹੇ ਹਾਂ? ਜੇਕਰ ਅਸੀਂ ਸਬਸਿਡੀਆਂ ਦੇਣੀਆਂ ਹਨ ਤਾਂ ਉਨ੍ਹਾਂ (ਅਮਰੀਕਾ) ਨੂੰ ਰਾਜ ਬਣਨ ਦਿਓ।

ਉਨ੍ਹਾਂ ਅੱਗੇ ਕਿਹਾ, 'ਅਸੀਂ ਮੈਕਸੀਕੋ, ਕੈਨੇਡਾ ਅਤੇ ਦੁਨੀਆ ਦੇ ਕਈ ਦੇਸ਼ਾਂ ਨੂੰ ਸਬਸਿਡੀਆਂ ਦੇ ਰਹੇ ਹਾਂ। ਮੈਂ ਸਿਰਫ਼ ਇਹ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਹਰੇਕ ਲਈ ਬਰਾਬਰ, ਤੇਜ਼ ਅਤੇ ਨਿਰਪੱਖ ਖੇਡ ਦਾ ਮੈਦਾਨ ਹੋਵੇ। ਦਸਣਯੋਗ ਹੈ ਕਿ ਡੋਨਾਲਡ ਟਰੰਪ ਨੇ ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ 25 ਫੀਸਦੀ ਦਰਾਮਦ ਡਿਊਟੀ ਲਗਾਈ ਜਾਵੇਗੀ। ਟਰੰਪ ਦਾ ਕਹਿਣਾ ਹੈ ਕਿ ਉਹ ਅਜਿਹਾ ਉਦੋਂ ਤੱਕ ਕਰਨਗੇ ਜਦੋਂ ਤੱਕ ਇਹ ਦੇਸ਼ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਫੈਂਟਾਨਾਇਲ ਡਰੱਗਜ਼ ਦੇ ਪ੍ਰਵਾਹ ਨੂੰ ਨਹੀਂ ਰੋਕਦੇ। ਹਾਲ ਹੀ ਵਿੱਚ ਇੱਕ ਵੱਡਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਉਹ ਜਨਵਰੀ 'ਚ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਅਜਿਹੇ ਹੁਕਮਾਂ 'ਤੇ ਦਸਤਖਤ ਕਰਨਗੇ, ਜਿਸ ਤਹਿਤ ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ 25 ਫੀਸਦੀ ਦਰਾਮਦ ਡਿਊਟੀ ਲਗਾਈ ਜਾਵੇਗੀ।









# ਅਮਰੀਕਾ 'ਚ ਭਾਰਤੀ ਮੂਲ ਦੇ ਪਤੀ-ਪਤਨੀ ਵਿਰੁੱਧ ਗੈਰਇਰਾਦਤਨ ਹੱਤਿਆ ਦਾ ਦੋਸ਼

## * ਕੈਨੇਡਾ ਦੀ ਫਲੇਅਰ ਏਅਰਲਾਈਨਜ਼ ਦਾ ਸੀ.ਐਫ਼.ਓ. ਹੈ ਸੁਮੰਥ ਰਾਓ

## * ਕਾਰ ਹਾਦਸੇ ਦੌਰਾਨ 18 ਸਾਲ ਦੀ ਕੁੜੀ ਨੇ ਦਮ ਤੋੜਿਆ





ਐਟਲਾਂਟਾ : ਕੈਨੇਡਾ ਵਿਚ ਸਭ ਤੋਂ ਸਸਤਾ ਹਵਾਈ ਸਫ਼ਰ ਕਰਵਾਉਣ ਦਾ ਦਾਅਵਾ ਕਰਨ ਵਾਲੀ ਫਲੇਅਰ ਏਅਰਲਾਈਨਜ਼ ਦੇ ਮੁੱਖ ਵਿੱਤੀ ਅਫ਼ਸਰ ਸੁਮੰਥ ਰਾਓ ਅਤੇ ਉਨ੍ਹਾਂ ਦੀ ਪਤਨੀ ਅਨਿੰਦਿਤਾ ਰਾਓ ਵਿਰੁੱਧ ਅਮਰੀਕਾ ਵਿਚ ਗੈਰਇਰਾਦਤਨ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਰਜੀਆ ਸੂਬੇ ਵਿਚ ਵਾਪਰੇ ਸੜਕ ਹਾਦਸੇ ਦੌਰਾਨ 18 ਸਾਲ ਦੀ ਸੋਫੀਆ ਦਮ ਤੋੜ ਗਈ ਜਦਕਿ ਸੁਮੰਥ ਰਾਓ ਦੀ ਬੇਟੀ ਅਨੰਨਯਾ ਵਾਲ ਵਾਲ ਬਚ ਗਈ। ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕਾ ਦੇ ਜਾਰਜੀਆ ਸੂਬੇ ਵਿਚ ਇਕ ਹਾਦਸਾ ਵਾਪਰਿਆ ਅਤੇ ਗੱਡੀ ਵਿਚ ਸਵਾਰ ਕੁੜੀਆਂ ਕਥਿਤ ਤੌਰ ਤੇ ਸੁਮੰਥ ਰਾਓ ਦੇ ਘਰ ਸ਼ਰਾਬ ਪੀ ਕੇ ਆਈਆਂ ਸਨ। ਪੁਲਿਸ ਵੱਲੋਂ ਕੀਤੀ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਤਿੰਨੋ ਕੁੜੀਆਂ ਨੇ 24 ਫਰਵਰੀ ਦੀ ਸ਼ਾਮ ਕਈ ਘੰਟੇ ਵਾਈਨ ਪੀਤੀ ਅਤੇ ਫਿਰ ਅੱਧੀ ਰਾਤ ਹੋਣ ਲੱਗੀ ਤਾਂ ਡਰਾਈਵ 'ਤੇ ਜਾਣ ਦੀ ਜ਼ਿਦ ਫੜ ਲਈ। ਕੁੜੀਆਂ ਨੇ ਕਥਿਤ ਤੌਰ 'ਤੇ ਸੁਮੰਥ ਰਾਓ ਨੂੰ ਆਪਣੀ ਇੱਛਾ ਬਾਰੇ ਜਾਣੂ ਵੀ ਕਰਵਾਇਆ ਪਰ ਕੁੜੀਆਂ ਨੂੰ ਰੋਕਣ ਦਾ ਯਤਨ ਨਾ ਕੀਤਾ ਗਿਆ। ਸਿਰਫ ਇਥੇ ਹੀ ਬੱਸ ਨਹੀਂ ਉਹ ਗੱਡੀ ਵਿਚ ਵਾਈਨ ਖੁੱਲ੍ਹੀ ਬੋਤਲ ਰੱਖ ਕੇ ਨਾਲ ਵੀ ਲੈ ਗਈਆਂ। ਅੱਧੇ ਘੰਟੇ ਬਾਅਦ ਇਹ ਫੈਸਲਾ ਜਾਨਲੇਵਾ ਸਾਬਤ ਹੋਇਆ ਜਦੋਂ ਗੱਡੀ ਪਲਟ ਗਈ ਅਤੇ 18 ਸਾਲ ਦੀ ਸੋਫੀਆ ਅੰਦਰ ਫਸ ਗਈ ਜਿਸ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਪਰ ਉਸ ਨੇ ਦਮ ਤੋੜ ਦਿਤਾ। ਦੂਜੇ ਪਾਸੇ ਅਨੰਨਯਾ ਬਾਹਰ ਨਿਕਲਣ ਵਿਚ ਸਫਲ ਰਹੀ ਜਦਕਿ ਗੱਡੀ ਚਲਾ ਰਹੀ ਹਾਨਾਹ ਨੂੰ ਵੀ ਬਹੁਤੀਆਂ ਸੱਟਾਂ ਨਾ ਵੱਜੀਆਂ। ਗੱਡੀ ਦੀ ਰਫ਼ਤਾਰ ਬਹੁਤ ਜ਼ਿਆਦਾ ਸੀ ਅਤੇ ਡਰਾਈਵ ਕਰ ਰਹੀ ਹਾਨਾਹ ਇਸ ਨੂੰ ਸੰਭਾਲ ਨਾ ਸਕੀ। ਜ਼ਿਲ੍ਹਾ ਅਟਾਰਨੀ ਸ਼ੈਰੀ ਬੋਸਟਨ ਨੇ ਕਿਹਾ ਕਿ ਅਨੰਨਯਾ ਦੇ ਮਾਪੇ ਚੰਗੀ ਤਰ੍ਹਾਂ ਜਾਣਦੇ ਸਨ ਕਿ ਨਸ਼ਾ ਕਰਨ ਤੋਂ ਬਾਅਦ ਕੁੜੀਆਂ ਨੂੰ ਡਰਾਈਵ ਕਰਨ ਦੀ ਇਜਾਜ਼ਤ ਨਹੀਂ ਮਿਲਣੀ ਚਾਹੀਦੀ ਪਰ ਇਸ ਗੱਲ ਦੀ ਕਿਸੇ ਨੇ ਪਰਵਾਹ ਨਾ ਕੀਤੀ। ਅੱਲ੍ਹੜਾਂ ਵੱਲੋਂ ਕੀਤੀ ਕੋਤਾਹੀ ਦੀ ਜ਼ਿੰਮੇਵਾਰੀ ਵੱਡਿਆਂ ਨੂੰ ਹੀ ਲੈਣੀ ਹੋਵੇਗੀ। ਦੱਸ ਦੇਈਏ ਕਿ ਗੱਡੀ ਚਲਾ ਰਹੀ ਹਾਨਾਹ ਵਿਰੁੱਧ ਵੀ ਕਈ ਗੰਭੀਰ ਦੋਸ਼ ਆਇਦ ਕੀਤੇ ਗਏ ਹਨ। ਫਿਲਹਾਲ ਸੁਮੰਥ ਰਾਓ ਜਾਂ ਹਾਨਾਹ ਦੇ ਵਕੀਲਾਂ ਦੀ ਟਿੱਪਣੀ ਹਾਸਲ ਨਹੀਂ ਹੋ ਸਕੀ।

## ਬੈਂਕ ਆਫ਼ ਕੈਨੇਡਾ ਨੇ ਵਿਆਜ ਦਰ ਨੂੰ 50 bps ਘਟਾ ਕੇ 3.25% ਕਰ ਦਿੱਤਾ

ਟੋਰਾਂਟੋ (ਬਲਜਿੰਦਰ ਸੇਖਾ) : ਬੈਂਕ ਆਫ਼ ਕੈਨੇਡਾ ਨੇ ਆਪਣੀ ਬੈਂਚਮਾਰਕ ਦਰ ਨੂੰ 50 bps ਤੱਕ ਘਟਾ ਦਿੱਤਾ ਹੈ, ਇਸਨੂੰ 3.25% ਤੱਕ ਹੇਠਾਂ ਲੈ ਆਂਦਾ ਹੈ। ਇਹ ਜੂਨ ਤੋਂ ਬਾਅਦ ਲਗਾਤਾਰ ਪੰਜਵੀਂ ਕਟੌਤੀ ਹੈ। "ਬੈਂਕ ਆਫ਼ ਕੈਨੇਡਾ ਦਾ ਵਿਆਜ ਨੀਤੀ ਦਰ ਘਟਾਉਣ ਦਾ ਫੈਸਲਾ ਕੈਨੇਡਾ ਭਰ ਵਿੱਚ ਰਿਹਾਇਸ਼ ਦੀ ਸਮਰੱਥਾ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ। ਇਹ ਫੈਸਲਾ ਮੱਧ-ਵਰਗ ਦੇ ਪਰਿਵਾਰਾਂ, ਘਰ ਮਾਲਕਾਂ, ਅਤੇ ਪਹਿਲੀ ਵਾਰ ਖਰੀਦਦਾਰਾਂ ਨੂੰ ਬਹੁਤ ਲੋੜੀਂਦੀ ਰਾਹਤ ਪ੍ਰਦਾਨ ਕਰਦਾ ਹੈ। ਜਦੋਂ ਕਿ ਇਹ ਘਰ ਦੀ ਮਾਲਕੀ ਨੂੰ ਹੋਰ ਕਿਫਾਇਤੀ ਬਣਾਉਣ ਦੀ ਦਿਸ਼ਾ ਵਿੱਚ ਤਰੱਕੀ ਕਰ ਰਿਹਾ ਹੈ, ਕੈਨੇਡਾ ਦੇ ਨਾਗਰਿਕਾਂ ਨੂੰ ਇਸ ਨਾਲ ਵਿੱਤੀ ਰਾਹਤ ਮਿਲੇਗੀ।

# ਨਕਲੀ ਕੈਨੇਡੀਅਨ ਪੀ.ਆਰ. ਕਾਰਡ ਸਮੱਗਲਿੰਗ ਦੇ ਦੋਸ਼ 'ਚ ਅਦਾਲਤ ਨੇ ਸੁਣਾਈ ਸਜ਼ਾ



ਟੋਰਾਂਟੋ : ਕੈਨੇਡਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਇੱਥੇ ਕਿਊਬਿਕ ਸੂਬੇ ਦੇ ਸ਼ਹਿਰ ਲਵਾਲ ਦੀ ਅਦਾਲਤ ਨੇ ਕੈਨੇਡਾ ਦੇ ਨਕਲੀ ਪੀ.ਆਰ. (ਪਰਮਾਮੈਂਟ ਰੈਜੀਡੈਂਟ) ਕਾਰਡ ਤੇ ਨਕਲੀ ਧਰਿਵਿਨਗ ਲਾਇਸੈਂਸ ਸਮਗਲਿੰਗ ਕਰਨ ਦੇ ਦੋਸ਼ ਵਿਚ 30 ਸਾਲਾ ਜੋਂਗਹੁਨ ਲੀ ਨੂੰ ਢਾਈ ਸਾਲ ਕੈਦ ਦੀ ਸਜ਼ਾ ਸੁਣਾਈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਧਿਕਾਰੀਆਂ ਨੂੰ ਚੀਨ ਤੋਂ ਕੋਰੀਅਰ ਰਾਹੀਂ ਆਇਆ ਇਕ ਪਾਰਸਲ ਮਿਲਿਆ ਸੀ, ਜਿਸ ਤੋਂ ਬਾਅਦ ਅਧਿਕਾਰੀ ਸਰਚ ਵਾਰੰਟ ਲੈ ਕੇ ਪਾਰਸਲ 'ਤੇ ਲਿਖੇ ਪਤੇ 'ਤੇ ਪਹੁੰਚੇ।

ਅਧਿਕਾਰੀਆਂ ਨੇ ਪਤੇ 'ਤੇ ਪਹੁੰਚ ਕੇ ਜੋਂਗਹੁਨ ਲੀ ਦੇ ਘਰ ਦੀ ਤਲਾਸ਼ੀ ਲਈ ਤਾਂ ਉੱਥੇ ਉਨ੍ਹਾਂ ਨੇ 509 ਕੈਨੇਡੀਅਨ ਪੀ.ਆਰ. ਦੇ ਨਕਲੀ ਕਾਰਡ, 506 ਨਕਲੀ ਡਰਾਈਵਿੰਗ ਲਾਈਸੈਂਸ, ਗ਼ਲਤ ਡਾਕੂਮੈਂਟ ਤਿਆਰ ਕਰਨ ਵਾਲਾ ਸਾਜ਼ੋ-ਸਾਮਾਨ, ਕੰਪਿਊਟਰ, ਸੈੱਲ ਫੋਨ, ਨਕਲੀ ਨੋਟ ਛਾਪਣ ਵਾਲੀ ਮਸ਼ੀਨ ਅਤੇ ਇਕ ਲੱਖ 40 ਹਜ਼ਾਰ ਡਾਲਰ ਦੇ ਨਕਲੀ ਨੋਟ ਬਰਾਮਦ ਕੀਤੇ। ਇਸ ਤੋਂ ਇਲਾਵਾ ਕੈਨੇਡੀਅਨ ਨਾਗਰਿਕਤਾ ਦੇ ਨਕਲੀ ਕਾਰਡ ਤੇ ਨਕਲੀ ਵਰਕ ਪਰਮਿਟ ਵੀ ਮਿਲੇ।

# ਕੈਨੇਡਾ ਦੇ ਬਾਰਡਰ 'ਤੇ ਰੋਕੇ 1 ਲੱਖ 13 ਹਜ਼ਾਰ ਸ਼ਰਨਾਰਥੀ

## 26 ਹਜ਼ਾਰ ਕਿਲੋ ਨਸ਼ੇ ਅਤੇ 7,700 ਹਥਿਆਰ ਕੀਤੇ ਜ਼ਬਤ




ਟੋਰਾਂਟੋ : ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਮੁਲਕ ਦੀਆਂ ਸਰਹੱਦ ਸੁਰੱਖਿਅਤ ਰਖਦਿਆਂ ਪਹਿਲੀ ਜਨਵਰੀ ਤੋਂ 31 ਅਕਤੂਬਰ ਤੱਕ ਤਕਰੀਬਨ 26 ਹਜ਼ਾਰ ਕਿਲੋ ਨਸ਼ੀਲੇ ਪਦਾਰਥ ਜ਼ਬਤ ਕੀਤੇ ਅਤੇ 7,700 ਹਥਿਆਰ ਮੁਲਕ ਦੀਆ ਗਲੀਆਂ ਤੱਕ ਪਹੁੰਚਣ ਤੋਂ ਰੋਕੇ। ਇਸ ਦੌਰਾਨ ਅਮਰੀਕਾ ਸਣੇ ਵੱਖ ਵੱਖ ਮੁਲਕਾਂ ਤੋਂ ਆਏ 1 ਲੱਖ 13 ਹਜ਼ਾਰ ਸ਼ਰਨਾਰਥੀਆਂ ਦੀ ਸਕ੍ਰੀਨਿੰਗ ਵੀ ਕੀਤੀ ਗਈ। ਕੈਨੇਡਾ ਵਿਚ ਪਨਾਹ ਮੰਗਣ ਵਾਲਿਆਂ ਵਿਚੋਂ ਜ਼ਿਆਦਾਤਰ ਦੀ ਸਕ੍ਰੀਨਿੰਗ ਹਵਾਈ ਅੱਡਿਆਂ 'ਤੇ ਕੀਤੀ ਗਈ ਜਦਕਿ ਜ਼ਮੀਨੀ ਰਸਤੇ ਪੁੱਜਣ ਵਾਲਿਆਂ ਦੀ ਗਿਣਤੀ ਵਿਚ ਜ਼ਿਕਰਯੋਗ ਰਹੀ।

ਸੀ.ਬੀ.ਐਸ.ਏ. ਨੇ 31 ਅਕਤੂਬਰ ਤੱਕ ਦਾ ਵਹੀ-ਖਾਤਾ ਪੇਸ਼ ਕੀਤਾ ਵੱਡੀ ਗਿਣਤੀ ਵਿਚ ਚੋਰੀ ਕੀਤੀਆਂ ਗੱਡੀਆਂ ਮੁਲਕ ਤੋਂ ਬਾਹਰ ਜਾਣ ਤੋਂ ਰੋਕੀਆਂ ਗਈਆਂ ਅਤੇ ਇਕੱਲੇ ਪੈਸੇਫਿਕ ਰੀਜਨ ਵਿਚ 119 ਗੱਡੀਆਂ ਰੋਕਣ ਦੀ ਰਿਪੋਰਟ ਹੈ ਜਿਨ੍ਹਾਂ ਦੀ ਕੁਲ ਕੀਮਤ 13 ਮਿਲੀਅਨ ਡਾਲਰ ਬਣਦੀ ਹੈ। ਦੂਜੇ ਪਾਸੇ 34 ਹਜ਼ਾਰ ਲੋਕਾਂ ਨੂੰ ਮੁਲਕ ਵਿਚ ਦਾਖਲ ਹੋਣ ਤੋਂ ਰੋਕਿਆ ਜਿਨ੍ਹਾਂ ਦਾ ਆਉਣਾ ਖ਼ਤਰਨਾਕ ਮੰਨਿਆ ਜਾ ਰਿਹਾ ਹੈ। ਇਹ ਅੰਕੜਾ 2023 ਦੇ ਮੁਕਾਬਲੇ 30 ਫੀ ਸਦੀ ਵਧ ਗਿਆ ਜਦੋਂ 25,500 ਜਣਿਆਂ ਨੂੰ ਰੋਕਿਆ ਗਿਆ। ਵਪਾਰਕ ਰੂਟਾਂ ਵੱਲ ਇਸ ਵਾਰ ਵਧੇਰੇ ਤਵੱਜੋ ਦਿਤੀ ਗਈ ਅਤੇ ਸਾਲ ਦੇ ਪਹਿਲੇ 10 ਮਹੀਨੇ ਦੌਰਾਨ ਤਕਰੀਬਨ 45 ਲੱਖ ਟਰੱਕ ਕੈਨੇਡਾ ਵਿਚ ਦਾਖਲ ਹੋਏ। ਇਹ ਅੰਕੜਾ 2023 ਦੇ ਬਰਾਬਰ ਹੀ ਬਣਦਾ ਹੈ।

ਇਸ ਦੇ ਨਾਲ ਡਿਊਟੀ ਅਤੇ ਟੈਕਸਾਂ ਦੇ ਰੂਪ ਵਿਚ 32.5 ਅਰਬ ਡਾਲਰ ਇਕੱਤਰ ਕੀਤੇ ਗਏ ਜਿਨ੍ਹਾਂ ਰਾਹੀਂ ਕੈਨੇਡਾ ਵਾਸੀਆਂ ਨੂੰ ਵੱਖ ਵੱਖ ਸੇਵਾਵਾਂ ਮੁਹੱਈਆ ਕਰਵਾਉਣ ਵਿਚ ਮਦਦ ਮਿਲੇਗੀ। ਸੀ.ਬੀ.ਐਸ.ਏ. ਨੇ ਦੱਸਿਆ ਕਿ ਮੌਜੂਦਾ ਵਰ੍ਹੇ ਦੌਰਾਨ 31 ਅਕਤੂਬਰ ਤੱਕ 8 ਕਰੋੜ ਤੋਂ ਵੱਧ ਮੁਸਾਫਰ ਕੈਨੇਡਾ ਪੁੱਜੇ ਜਿਨ੍ਹਾਂ ਵਿਚੋਂ 3 ਕਰੋੜ 18 ਲੱਖ ਹਵਾਈ ਜਹਾਜ਼ ਰਾਹੀਂ ਅਤੇ ਸਾਢੇ ਚਾਰ ਕਰੋੜ ਜ਼ਮੀਨੀ ਰਸਤੇ ਕੈਨੇਡਾ ਵਿਚ ਦਾਖਲ ਹੋਏ।

# ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਨਰਾਇਣ ਸਿੰਘ ਚੌੜਾ ਨੂੰ ਪੰਥ 'ਚੋਂ ਛੇਕਣ ਦੀ ਮੰਗ ਦੀ ਕੀਤੀ ਨਿਖੇਧੀ



ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੱਜ ਹੋਈ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਸੇਵਾ ਨਿਭਾਅ ਰਹੇ ਸੇਵਾਦਾਰ ਉੱਤੇ 4 ਦਸੰਬਰ ਨੂੰ ਨਰਾਇਣ ਸਿੰਘ ਚੌੜਾ ਵੱਲੋਂ ਗੋਲੀਆਂ ਨਾਲ ਹਮਲਾ ਕਰਨ ਅਤੇ ਸਿੱਖਾਂ ਦੇ ਪਾਵਨ ਅਸਥਾਨ ਦੇ ਸ਼ਾਂਤਮਈ ਤੇ ਰੂਹਾਨੀ ਵਾਤਾਵਰਨ ਨੂੰ ਭੰਗ ਕਰਨ ਦੀ ਕਰੜੀ ਨਿੰਦਾ ਕਰਦਿਆਂ, ਦੋਸ਼ੀ ਨੂੰ ਪੰਥ ਵਿੱਚੋਂ ਛੇਕਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਗਈ ਹੈ। ਜਿਸਦੀ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਨਿਖੇਧੀ ਕੀਤੀ ਹੈ।

ਸੋਸ਼ਲ ਮੀਡੀਆਂ ਉੱਤੇ ਪੋਸਟ ਪਾ ਕੇ ਸਰਬਜੀਤ ਸਿੰਘ ਖਾਲਸਾ ਨੇ ਲਿਖਿਆ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਕਜੈਕਟਿਵ ਕਮੇਟੀ ਦੀ ਮੀਟਿੰਗ ਵੱਲੋਂ ਭਾਈ ਨਾਰਾਇਣ ਸਿੰਘ ਚੋੜਾ ਨੂੰ ਪੰਥ ਵਿੱਚੋਂ ਛੇਕੇ ਜਾਣ ਸਬੰਧੀ ਲਿਆ ਗਿਆ ਫ਼ੈਸਲਾ ਸਿੱਖ ਪੰਥਕ ਭਾਵਨਾਵਾਂ ਵਿਰੋਧੀ, ਨੀਵੇਂ ਪੱਧਰ ਦੀ ਬੌਧਿਕਤਾ ਅਤੇ ਚਾਪਲੂਸੀ ਦੀ ਸਿਖ਼ਰ ਹੈ ਜੋ ਬਾਦਲਾਂ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਨੂੰ ਵੀ ਲੈ ਡੁੱਬੇਗਾ। ਕੀ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੇ ਪ੍ਰਕਰਮਾ ਦੇ ਅੰਦਰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤਲਵਾਰਾਂ ਲੈ ਕੇ ਪੰਥਕ ਜਥੇਬੰਦੀਆਂ ਤੇ ਹਮਲਾਵਰ ਹੁੰਦੀ ਹੈ। ਅੰਮ੍ਰਿਤਧਾਰੀ ਸਿੱਖਾਂ ਦੀਆਂ ਦਸਤਾਰਾਂ ਉਤਾਰਦੀ ਹੈ ਤਾਂ ਕਿ ਉਸ ਸਮੇਂ ਸਿੱਖਾਂ ਦੇ ਹਿਰਦੇ ਨਹੀਂ ਵਲੂੰਧਰੇ ਜਾਂਦੇ, ਉਸ ਵੇਲੇ ਸਿੱਖ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਦੀ?

# ਚੀਨ ਨੇ ਵੀਡੀਓ ਗੇਮ ਖੇਡਣ ਵਾਲੇ ਨਾਬਾਲਿਗਾਂ 'ਤੇ ਲਗਾਈ ਸਖ਼ਤ ਪਾਬੰਦੀ



ਚੀਨ ਨੇ ਔਨਲਾਈਨ ਗੇਮਾਂ ਖੇਡਣ ਵਾਲੇ ਨਾਬਾਲਗਾਂ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਹਨ, ਪਰ ਬੱਚੇ ਇਨ੍ਹਾਂ ਪਾਬੰਦੀਆਂ ਤੋਂ ਬਚਣ ਲਈ ਨਵੀਆਂ ਤਰਕੀਬਾਂ ਲੱਭ ਰਹੇ ਹਨ। ਆਸਟ੍ਰੇਲੀਆ ਦੀ ਸੰਘੀ ਸੰਸਦ ਨੇ ਨਵੰਬਰ ਵਿਚ 16 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੁਆਰਾ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਲਈ ਇਕ ਇਤਿਹਾਸਕ ਬਿੱਲ ਪਾਸ ਕੀਤਾ ਸੀ।

ਚੀਨ ਨੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਵੀਡੀਓ ਗੇਮ ਖੇਡਣ ਦੇ ਸਮੇਂ ਨੂੰ ਬੁਰੀ ਤਰ੍ਹਾਂ ਸੀਮਤ ਕਰ ਦਿੱਤਾ ਹੈ। ਚੀਨ ਵਿੱਚ, ਸਖਤ ਨਿਯਮ ਹਨ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਿਸ਼ਚਤ ਦਿਨਾਂ 'ਤੇ ਸਿਰਫ ਇੱਕ ਘੰਟੇ ਦੀ ਔਨਲਾਈਨ ਗੇਮਿੰਗ ਦੀ ਆਗਿਆ ਹੈ।

**2019 ਦੇ ਨਿਯਮ**

- ਹਫਤੇ ਦੇ ਦਿਨ ਰੋਜ਼ਾਨਾ 90 ਮਿੰਟ।
- ਸ਼ਨੀਵਾਰ ਅਤੇ ਛੁੱਟੀਆਂ 'ਤੇ 3 ਘੰਟੇ।
- ਰਾਤ 10 ਵਜੇ ਤੋਂ ਸਵੇਰੇ 8 ਵਜੇ ਤੱਕ ਖੇਡਣ ਦੀ ਪੂਰੀ ਮਨਾਹੀ ਹੈ।

**2021 ਸੋਧਾਂ**

- ਸਿਰਫ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ 'ਤੇ ਖੇਡਣ ਦੀ ਇਜਾਜ਼ਤ ਹੈ, ਉਹ ਵੀ 8 ਤੋਂ 9 ਵਜੇ ਤੱਕ।

**2023 ਐਕਸਟੈਂਸ਼ਨ**

- ਇਹ ਨਿਯਮ ਵੀਡੀਓ-ਸ਼ੇਅਰਿੰਗ ਸਾਈਟਾਂ, ਲਾਈਵ ਸਟ੍ਰੀਮਿੰਗ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ 'ਤੇ ਵੀ ਲਾਗੂ ਕੀਤੇ ਗਏ ਸਨ।

**ਪਾਬੰਦੀਆਂ ਨੂੰ ਲਾਗੂ ਕਰਨ ਲਈ ਉਪਾਅ**

ਚੀਨੀ ਸਰਕਾਰ ਅਤੇ ਤਕਨੀਕੀ ਕੰਪਨੀਆਂ ਇਸ ਨਿਯਮ ਦੀ ਪਾਲਣਾ ਕਰਨ ਲਈ ਤਕਨੀਕੀ ਹੱਲ ਲਾਗੂ ਕਰ ਰਹੀਆਂ ਹਨ ਕਿ ਖਿਡਾਰੀਆਂ ਨੂੰ ਆਪਣੇ ਅਸਲੀ ਨਾਮ ਅਤੇ ਪਛਾਣ ਪੱਤਰ ਪੇਸ਼ ਕਰਨੇ ਚਾਹੀਦੇ ਹਨ। ਕੁਝ ਗੇਮ ਪਲੇਟਫਾਰਮਾਂ ਵਿੱਚ ਚਿਹਰੇ ਦੀ ਪਛਾਣ ਦੁਆਰਾ ਉਮਰ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਮੋਬਾਈਲ ਡਿਵਾਈਸ ਨਿਰਮਾਤਾਵਾਂ ਅਤੇ ਐਪ ਸਟੋਰਾਂ ਨੇ 'ਮਾਈਨਰ ਮੋਡ' ਲਾਂਚ ਕੀਤਾ, ਜੋ ਨਾਬਾਲਗਾਂ ਦੇ ਗੇਮਿੰਗ ਸਮੇਂ ਨੂੰ ਸੀਮਤ ਕਰਦਾ ਹੈ। ਚੀਨ ਵਿੱਚ ਸਖ਼ਤ ਨਿਯਮਾਂ ਦੇ ਬਾਵਜੂਦ, ਨਾਬਾਲਗ ਉਨ੍ਹਾਂ ਤੋਂ ਬਚਣ ਲਈ ਵੱਖ-ਵੱਖ ਤਰੀਕੇ ਅਪਣਾਉਂਦੇ ਹਨ ਜਿਵੇਂ ਕਿ:- - ਉਹ ਫਰਜ਼ੀ ਖਾਤੇ ਬਣਾ ਰਹੇ ਹਨ ਅਤੇ ਬਜ਼ੁਰਗ ਰਿਸ਼ਤੇਦਾਰਾਂ ਜਾਂ ਦੋਸਤਾਂ ਦੇ ਨਾਂ 'ਤੇ ਖਾਤੇ ਰਜਿਸਟਰ ਕਰ ਰਹੇ ਹਨ।

- ਉਹ ਫਰਜ਼ੀ ਖਾਤੇ ਬਣਾ ਰਹੇ ਹਨ ਅਤੇ ਬਜ਼ੁਰਗ ਰਿਸ਼ਤੇਦਾਰਾਂ ਜਾਂ ਦੋਸਤਾਂ ਦੇ ਨਾਂ 'ਤੇ ਖਾਤੇ ਰਜਿਸਟਰ ਕਰ ਰਹੇ ਹਨ।
- ਪਾਬੰਦੀਆਂ ਤੋਂ ਬਚਣ ਲਈ ਖਾਤੇ ਬੱਚਿਆਂ ਨੂੰ ਕਿਰਾਏ 'ਤੇ ਦਿੱਤੇ ਜਾਂਦੇ ਹਨ।
- ਬੁੱਢੇ ਲੋਕਾਂ ਦੀਆਂ ਤਸਵੀਰਾਂ ਨਾਲ ਚਿਹਰੇ ਦੀ ਪਛਾਣ ਕਰਨ ਵਾਲੀ ਤਕਨੀਕ ਨੂੰ ਹਰਾਉਣਾ।
- ਇਹਨਾਂ ਉਪਾਵਾਂ ਨੇ ਗੋਪਨੀਯਤਾ ਅਤੇ ਸੁਰੱਖਿਆ ਚਿੰਤਾਵਾਂ ਨੂੰ ਵਧਾ ਦਿੱਤਾ ਹੈ।
- ਅਕਾਊਂਟ ਕਿਰਾਏ 'ਤੇ ਦੇਣ ਦੀ ਪ੍ਰਕਿਰਿਆ 'ਚ ਧੋਖਾਧੜੀ ਦੇ ਕਈ ਮਾਮਲੇ ਸਾਹਮਣੇ ਆਏ ਹਨ।
- ਇੱਕ ਘਟਨਾ ਵਿੱਚ, ਲਗਭਗ 3,000 ਨਾਬਾਲਗਾਂ ਨੂੰ 86,000 ਯੁਆਨ (ਲਗਭਗ $18,500) ਦੀ ਧੋਖਾਧੜੀ ਕੀਤੀ ਗਈ ਸੀ।

# ਈਟੋਬੀਕੋ ਦੇ ਹਾਈ ਸਕੂਲ 'ਚ ਚੱਲੀਆਂ ਗੋਲੀਆਂ

## 2 ਸ਼ੱਕੀਆਂ ਦੀ ਭਾਲ ਕਰ ਰਹੀ ਪੁਲਿਸ




ਟੋਰਾਂਟੋ: ਈਟੋਬੀਕੋ ਦੇ ਇਕ ਹਾਈ ਸਕੂਲ ਵਿਚ ਮੰਗਲਵਾਰ ਬਾਅਦ ਦੁਪਹਿਰ ਗੋਲੀਆਂ ਚੱਲਣ ਮਗਰੋਂ ਹਫੜਾ-ਦਫੜੀ ਮਚ ਗਈ। ਗੋਲੀਬਾਰੀ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ ਅਤੇ ਟੋਰਾਂਟੋ ਪੁਲਿਸ ਦੋ ਸ਼ੱਕੀਆਂ ਦੀ ਭਾਲ ਕਰ ਰਹੀ ਹੈ। ਕਾਰਜਕਾਰੀ ਇੰਸਪੈਕਟਰ ਸਲੀਮ ਹੁਸੈਨ ਨੇ ਦੱਸਿਆ ਕਿ ਗੋਲੀਬਾਰੀ ਦੀ ਵਾਰਦਾਤ 291 ਮਿਲ ਰੋਡ 'ਤੇ ਸਥਿਤ ਸਿਲਵਰਥੌਰਨ ਕਾਲਜੀਏਟ ਇੰਸਟੀਚਿਊਟ ਵਿਚ ਵਾਪਰੀ ਅਤੇ ਬਾਅਦ ਦੁਪਹਿਰ ਤਕਰੀਬਨ 4 ਵਜੇ ਪੁਲਿਸ ਨੂੰ ਸੱਦਿਆ ਗਿਆ।

ਉਸ ਵੇਲੇ ਤੱਕ ਕਲਾਸਾਂ ਖ਼ਤਮ ਹੋ ਚੁੱਕੀਆਂ ਸਨ। ਦੋ ਨਕਾਬਪੋਸ਼ ਸ਼ੱਕੀ ਇਲਾਕੇ ਵਿਚੋਂ ਫਰਾਰ ਹੋ ਗਏ ਅਤੇ ਗੋਲੀਬਾਰੀ ਦੌਰਾਨ ਕੋਈ ਜ਼ਖ਼ਮੀ ਨਹੀਂ ਹੋਇਆ। ਵਾਰਦਾਤ ਵੇਲੇ ਸਕੂਲ ਅੰਦਰ ਤਕਰੀਬਨ 120 ਜਣੇ ਮੌਜੂਦ ਸਨ ਜਿਨ੍ਹਾਂ ਵਿਚੋਂ 60 ਬਾਸਕਟਬਾਲ ਦੀ ਖੇਡ ਨਾਲ ਸਬੰਧਤ ਸਨ ਜਦਕਿ 60 ਓਪਨ ਹਾਊਸ ਦੀ ਤਿਆਰੀ ਵਿਚ ਰੁੱਝੇ ਹੋਏ ਸਨ। ਲੌਕਡਾਊਨ ਖੋਲ੍ਹਣ ਮਗਰੋਂ ਬਾਹਰ ਜਾ ਰਹੇ ਹਰ ਵਿਦਿਆਰਥੀ ਅਤੇ ਸਟਾਫ਼ ਮੈਂਬਰ ਦੀ ਸੁਰੱਖਿਆ ਯਕੀਨੀ ਬਣਾਈ ਗਈ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
NOW WIDELY AVAILABLE IN AMERICA & CANADA
For informatin call Lakhwinder Sandhu
905-673-7666
YUPPTV
GET IT ON Google Play
Shava tv
jadoo tv
Cruze tv
amazon fireTV

ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਕਿਸਾਨ ਅੰਦੋਲਨ : ਵਖਤੋਂ ਖੁੰਝੀ ਡੂੰਮਣੀ ਗਾਹੇ ਆਲ ਪਤਾਲ !



ਬੁੱਧ ਸਿੰਘ ਨੀਲੋਂ
94643 70823

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ ਉਤੇ ਚੱਲ ਰਹੇ ਕਿਸਾਨ ਮਜ਼ਦੂਰ ਅੰਦੋਲਨ ਦੂਜੀ ਵਾਰ ਫਰਵਰੀ 2024 ਵਿੱਚ ਸ਼ੁਰੂ ਹੋ ਗਿਆ ਸੀ। ਇਸ ਅੰਦੋਲਨ ਵਿੱਚ ਉਹ ਜਥੇਬੰਦੀਆਂ ਹੀ ਸ਼ਾਮਿਲ ਸਨ, ਜਿਹੜੀਆਂ ਪਹਿਲਾਂ ਵੀ ਸੰਯੁਕਤ ਮੋਰਚੇ ਤੋਂ ਵੱਖ ਰਹੀਆਂ ਸਨ। ਫਰਵਰੀ ਦੇ ਵਿੱਚ ਜਦੋਂ ਇਹ ਅੰਦੋਲਨ ਸ਼ੁਰੂ ਹੋਇਆ ਸੀ ਤਾਂ ਉਸ ਵੇਲੇ ਹੀ ਆਮ ਲੋਕਾਂ ਵਿੱਚ ਚਰਚਾ ਹੋਣੀ ਸ਼ੁਰੂ ਹੋ ਗਈ ਸੀ ਕਿ ਇਹ ਜਥੇਬੰਦੀਆਂ ਪੰਜਾਬ ਅਤੇ ਕੇਂਦਰ ਸਰਕਾਰ ਦੇ ਨਾਲ ਰਲ ਕੇ ਸੰਘਰਸ਼ ਕਰ ਰਹੀਆਂ ਹਨ। ਕਿਉਂਕਿ ਉਹਨਾਂ ਦਿਨਾਂ ਤੋਂ ਬਾਅਦ ਦੇਸ਼ ਵਿੱਚ ਲੋਕ ਸਭਾ ਦੀਆਂ ਚੋਣਾਂ ਹੋਈਆਂ ਸਨ। ਇਹ ਕਿਸਾਨ ਅੰਦੋਲਨ ਪੰਜਾਬ ਦੇ ਲੋਕਾਂ ਦਾ ਧਿਆਨ ਭੜਕਾਉਣ ਲਈ ਕੇਂਦਰ ਸਰਕਾਰ ਵੱਲੋਂ ਸ਼ੁਰੂ ਕਰਵਾਇਆ ਕਿਹਾ ਜਾਂਦਾ ਸੀ। ਉਸ ਵੇਲੇ ਜਦੋਂ ਖਨੌਰੀ ਅਤੇ ਸ਼ੰਭੂ ਬਾਰਡਰ ਤੋਂ ਕਿਸਾਨ ਜਥੇਬੰਦੀਆਂ ਨੇ ਦਿੱਲੀ ਜਾਣ ਨੂੰ ਕੂਚ ਕੀਤਾ ਸੀ ਤਾਂ ਹਰਿਆਣਾ ਅਤੇ ਕੇਂਦਰ ਸਰਕਾਰ ਨੇ ਅੰਨਾ ਤਸ਼ੱਦਦ ਕਰਕੇ ਕਿਸਾਨਾਂ ਨੂੰ ਦੋਵਾਂ ਸਰਹੱਦਾਂ ਤੋਂ ਰੋਕ ਲਿਆ ਸੀ ਉਸ ਵੇਲੇ ਬਹੁਤ ਸਾਰੇ ਕਿਸਾਨ ਅਤੇ ਟਰੈਕਟਰਾਂ ਦਾ ਨੁਕਸਾਨ ਵੀ ਹੋਇਆ ਸੀ। ਉਸ ਸਮੇਂ ਇੱਕ ਨੌਜਵਾਨ ਦੀ ਹਰਿਆਣਾ ਪੁਲਿਸ ਦੀ ਗੋਲੀ ਲੱਗਣ ਮੌਤ ਵੀ ਹੋ ਗਈ ਸੀ। ਉਸ ਵੇਲੇ ਕਿਸਾਨਾਂ ਨੇ ਸ਼ੰਭੂ ਅਤੇ ਖਨੌਰੀ ਵਿੱਚ ਪੱਕੇ ਮੋਰਚੇ ਲਗਾ ਲਏ ਸਨ। ਕੱਲ ਜਦੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਮੌਕੇ ਸ਼ੰਭੂ ਬਾਰਡਰ ਤੋਂ ਕਿਸਾਨਾਂ ਨੇ ਅਰਦਾਸ ਕਰਕੇ ਦਿੱਲੀ ਵੱਲ ਚਾਲੇ ਪਾਏ ਤਾਂ ਉਹਨਾਂ ਨਾਲ ਫਿਰ ਉਹੀ ਕੁਝ ਹੋਇਆ ਜੋ ਫਰਵਰੀ ਵਿੱਚ ਹੋਇਆ ਸੀ। ਕਿਸਾਨਾਂ ਉੱਤੇ ਲਾਲ ਮਿਰਚਾਂ ਦੀ ਧੂੜ, ਅੱਥਰੂ ਗੈਸ ਦੇ ਗੋਲੇ ਸੁੱਟੇ ਗਏ ਜਿਸ ਨਾਲ ਬਹੁਤ ਸਾਰੇ ਕਿਸਾਨ ਜਖਮੀ ਹੋ ਗਏ ਜਿਹੜੇ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਵਿੱਚ ਜੇਰੇ ਇਲਾਜ ਹਨ। ਕਿਸਾਨਾਂ ਉੱਪਰ ਹਰਿਆਣਾ ਅਤੇ ਕੇਂਦਰੀ ਸੁਰੱਖਿਆ ਬਲ ਦੇ ਨੌਜਵਾਨਾਂ ਨੇ ਅੰਨਾ ਲਾਠੀ ਚਾਰਜ ਵੀ ਕੀਤਾ ਸੀ। ਕੱਲ ਕਿਸਾਨਾਂ ਉੱਪਰ ਹੋਏ ਲਾਠੀ ਚਾਰਜ ਨੂੰ ਲੈ ਕੇ ਕਾਂਗਰਸ, ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਸੀ। ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਇਸ ਲਾਠੀ ਚਾਰਜ ਬਾਰੇ ਬਿਆਨ ਤੱਕ ਨਹੀਂ ਜਾਰੀ ਕੀਤਾ।

ਜੇਕਰ ਕਿਸਾਨ ਅੰਦੋਲਨ ਦੇ ਅਤੀਤ ਵੱਲ ਦੇਖਿਆ ਜਾਵੇ ਤਾਂ 1980ਵਿਆਂ ਤੋਂ ਕਿਸਾਨ ਅੰਦੋਲਨ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਸੀ ਜਿਸ ਨੇ ਚੰਡੀਗੜ੍ਹ ਨੂੰ ਘੇਰਾ ਪਾ ਲਿਆ ਸੀ ਉਸ ਵੇਲੇ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਨਾਲ ਸਮਝੌਤਾ ਕਰਕੇ ਉਹਨਾਂ ਦੀਆਂ ਕੁਝ ਮੰਗਾਂ ਮੰਨ ਲਈਆਂ ਸਨ। ਉਸ ਵੇਲੇ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਕਈ ਹਿੱਸਿਆਂ ਵਿੱਚ ਵੰਡੀ ਗਈ। ਇਸ ਵਕਤ ਪੰਜਾਬ ਵਿੱਚ 12 ਦਰਜਨ ਤੋਂ ਵੱਧ ਕਿਸਾਨ ਜਥੇਬੰਦੀਆਂ ਹਨ ਪਰ ਇਹਨਾਂ ਵਿੱਚੋਂ ਕੇਵਲ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸਭ ਤੋਂ ਮਜਬੂਤ ਜਥੇਬੰਦੀ ਹੈ ਜਿਸ ਕੋਲ ਮਾਲਵੇ ਵਿੱਚ ਹੀ ਨਹੀਂ ਬਲਕਿ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਕੇਡਰ ਹੈ। ਇਹ ਜਥੇਬੰਦੀ ਲਗਾਤਾਰ ਪੰਜਾਬ ਵਿੱਚ ਸੰਘਰਸ਼ ਕਰਦੇ ਹੀ ਹੈ। ਕੇਂਦਰ ਸਰਕਾਰ ਨੇ ਸਵਾ ਸਾਲ ਚੱਲੇ ਅੰਦੋਲਨ ਵਿੱਚ ਜਿਸ ਤਰ੍ਹਾਂ ਗੋਡੇ ਟੇਕ ਕੇ ਕਿਸਾਨਾਂ ਦੀਆਂ ਮੰਗਾਂ ਮੰਨੀਆਂ ਸਨ, ਉਹ ਮੰਗਾ ਚਾਰ ਸਾਲ ਬੀਤ ਜਾਣ ਤੋਂ ਬਾਅਦ ਵੀ ਕੇਂਦਰ ਸਰਕਾਰ ਨੇ ਲਾਗੂ ਨਹੀਂ ਕੀਤੀਆਂ ਜਿਸ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੇ ਖਿਲਾਫ ਲਗਾਤਾਰ ਸੰਘਰਸ਼ ਕਰ ਰਹੀਆਂ ਹਨ। 2020-2021 ਪੰਜਾਬ ਤੋਂ ਸ਼ੁਰੂ ਹੋਏ ਕਿਸਾਨ ਅੰਦੋਲਨ ਨੇ ਦੇਸ਼ ਵਿੱਚ ਜਨ ਅੰਦੋਲਨ ਦਾ ਰੂਪ ਧਾਰ ਲਿਆ ਸੀ ਉਸ ਵੇਲੇ ਵੀ ਹਰਿਆਣਾ ਸਰਕਾਰ ਨੇ ਦਿੱਲੀ ਨੂੰ ਜਾਣ ਵਾਲੇ ਰਸਤਿਆਂ ਉੱਤੇ ਵੱਡੀਆਂ ਵੱਡੀਆਂ ਰੋਕਾਂ ਲਗਾ ਲਈਆਂ ਸਨ ਪਰ ਕਿਸਾਨਾਂ ਦੇ ਇਕੱਠ ਮੂਹਰੇ ਸਰਕਾਰ ਦੀ ਕੋਈ ਵਾਹ ਨਹੀਂ ਸੀ ਚੱਲੀ ਉਸ ਵੇਲੇ ਕਿਸਾਨਾਂ ਨੂੰ ਹਰਿਆਣਾ ਦੀਆਂ ਕਿਸਾਨ ਯੂਨੀਅਨ ਦਾ ਵੀ ਸਹਿਯੋਗ ਸੀ। ਉਸ ਵੇਲੇ ਕਿਸਾਨ ਮਜ਼ਦੂਰ ਅੰਦੋਲਨ ਨੇ ਕੇਂਦਰ ਸਰਕਾਰ ਦੇ ਨਾਸਾਂ ਵਿੱਚ ਧੂੰਆਂ ਲਿਆ ਦਿੱਤਾ ਸੀ। ਇਸ ਵਾਰ ਜਿਹੜਾ ਕਿਸਾਨ ਅੰਦੋਲਨ ਫਰਵਰੀ ਵਿੱਚ ਪੰਜਾਬ ਤੋਂ ਸ਼ੁਰੂ ਹੋਇਆ ਇਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਸ਼ਾਮਿਲ ਨਹੀਂ ਹਨ ਪਰ ਕੱਲ ਕਿਸਾਨਾਂ ਉੱਪਰ ਹੋਏ ਲਾਠੀ ਚਾਰਜ ਨੂੰ ਲੈ ਕੇ ਇਹਨਾਂ ਜਥੇਬੰਦੀਆਂ ਨੇ ਵੀ ਸਖਤ ਨੋਟਿਸ ਲਿਆ ਹੈ ਤੇ ਉਹਨਾਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨ ਲੈਣ ਲਈ ਆਖਿਆ ਹੈ।





ਚਾਰ ਸਾਲ ਪਹਿਲਾਂ ਚੱਲੇ ਦਿੱਲੀ ਵਿੱਚ ਕਿਸਾਨ ਮਜ਼ਦੂਰ ਅੰਦੋਲਨ ਨੇ ਕੇਂਦਰ ਸਰਕਾਰ ਦੀਆਂ ਜੜਾਂ ਨਹੀਂ ਸੀ ਹਲਾਈਆਂ ਬਲਕਿ ਉਸ ਨੂੰ ਦੁਨੀਆਂ ਭਰ ਵਿੱਚ ਬਦਨਾਮ ਵੀ ਕਰ ਦਿੱਤਾ ਸੀ। ਇਸੇ ਕਰਕੇ ਹੁਣ ਕੇਂਦਰ ਸਰਕਾਰ ਕਿਸਾਨਾਂ ਨੂੰ ਦਿੱਲੀ ਤੱਕ ਪੁੱਜਣ ਲਈ ਰੋਕਾਂ ਲਗਾ ਰਹੀ ਹੈ। ਉਹ ਨਹੀਂ ਚਾਹੁੰਦੀ ਕਿ ਕਿਸਾਨ ਜਥੇਬੰਦੀਆਂ ਦਿੱਲੀ ਦੀਆਂ ਸੜਕਾਂ ਉੱਤੇ ਆ ਕੇ ਬਹਿ ਜਾਣ ਅਤੇ ਜਨ ਜੀਵਨ ਨੂੰ ਪ੍ਰਭਾਵਿਤ ਕਰਨ। ਇਸ ਲਈ ਹਰਿਆਣਾ ਸਰਕਾਰ ਨੇ ਜੀਟੀ ਰੋਡ ਉੱਪਰ ਵੱਡੀਆਂ ਕੰਧਾਂ ਕਰ ਦਿੱਤੀਆਂ ਹਨ, ਇਹਨਾਂ ਲਗਾਈਆਂ ਰੋਕਾਂ ਦਾ ਸੁਪਰੀਮ ਕੋਰਟ ਨੇ ਵੀ ਨੋਟਿਸ ਲਿਆ ਸੀ। ਉਹਨਾਂ ਨੇ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਨੂੰ ਕਿਹਾ ਸੀ ਕਿ ਕਿਸਾਨਾਂ ਨੂੰ ਸ਼ਾਂਤਮਈ ਢੰਗ ਦੇ ਨਾਲ ਅੰਦੋਲਨ ਕਰ ਲੈਣਾ ਚਾਹੀਦਾ ਹੈ। ਪਰ ਹਰਿਆਣਾ ਸਰਕਾਰ ਕੇਂਦਰ ਸਰਕਾਰ ਦੀਆਂ ਹਦਾਇਤਾਂ ਤੇ ਕਿਸਾਨਾਂ ਨੂੰ ਹਰਿਆਣੇ ਵਿੱਚ ਦਾਖਲ ਹੋਣ ਲਈ ਕੋਈ ਵੀ ਮੌਕਾ ਨਹੀਂ ਦੇ ਰਹੀ ਫਰਵਰੀ ਵਿੱਚ ਜਿਸ ਤਰ੍ਹਾਂ ਹਰਿਆਣਾ ਸਰਕਾਰ ਨੇ ਆ ਕੇ ਕਿਸਾਨਾਂ ਉੱਪਰ ਲਾਠੀ ਚਾਰਜ ਕੀਤਾ ਸੀ ਇਸੇ ਤਰ੍ਹਾਂ ਕੱਲ ਵੀ ਸ਼ੰਭੂ ਬਾਰਡਰ ਤੇ ਉਸੇ ਤਰ੍ਹਾਂ ਹੋਇਆ। ਇਸ ਵਾਰ ਕਿਸਾਨ ਅੰਦੋਲਨ ਨੂੰ ਪੰਜਾਬ ਦੇ ਕਿਸਾਨਾਂ ਦਾ ਵੀ ਕੋਈ ਹੁੰਗਾਰਾ ਨਹੀਂ ਮਿਲ ਰਿਹਾ ਤੇ ਨਾ ਹੀ ਹਰਿਆਣਾ ਕਿਸਾਨ ਜਥੇਬੰਦੀਆਂ ਵੱਲੋਂ ਉਹਨਾਂ ਨੂੰ ਕੋਈ ਸਹਿਯੋਗ ਦੇਣ ਲਈ ਕੋਈ ਬਿਆਨ ਸਾਹਮਣੇ ਆਇਆ ਹੈ। ਪਹਿਲਾਂ ਪੰਜਾਬ ਦੇ ਵਿੱਚ ਉਠਿਆ ਕਿਸਾਨ ਮਜ਼ਦੂਰ ਅੰਦੋਲਨ ਹਰ ਤਰ੍ਹਾਂ ਦੀ ਮੁਸ਼ਕਿਲਾਂ ਨੂੰ ਪਾਰ ਕਰਦਾ ਹੋਇਆ ਹਰਿਆਣਾ ਦੇ ਵਿੱਚੋ ਦੀ ਹੁੰਦਾ ਹੋਇਆ ਦਿੱਲੀ ਪੁਜਿਆ ਸੀ। ਭਾਜਪਾ ਦੀ ਹਕੂਮਤ ਨੇ ਇਸ ਤੂਫਾਨ ਨੂੰ ਰੋਖਣ ਲਈ ਹਰ ਤਰ੍ਹਾਂ ਹਰਬਾ ਵਰਤਿਆ । ਸੰਭੂ ਬਾਡਰ ਉਤੇ ਜਬਰਦਸਤ ਝਪਟਾਂ ਤੋਂ ਜਦ ਇਹ ਤੂਫਾਨ ਦਿੱਲੀ ਵੱਲ ਵਧਿਆ ਤੇ ਹਰਿਆਣਾ ਦੇ ਕਿਸਾਨਾਂ ਨੇ ਉਹਨਾਂ ਦਾ ਸਾਥ ਦਿੱਤਾ । ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਤੋਂ ਬਿਨ੍ਹਾਂ ਯੂਪੀ ਤੇ ਰਾਜਸਥਾਨ ਕਿਸਾਨ ਤੇ ਮਜ਼ਦੂਰ ਇਸ ਦੇ ਵਿੱਚ ਸ਼ਾਮਲ ਹੋਣ ਲੱਗੇ। ਬੀਤੇ ਸਾਲ ਦੇ ਵਿਚ ਹਰ ਮੁਸ਼ਕਿਲਾਂ ਭਰਿਆ ਸੀ। ਪਲ ਪਲ ਬਦਲਦੇ ਮੌਸਮ ਦੇ ਵਾਂਗ ਭਾਜਪਾ ਦੀ ਕੇਂਦਰ ਤੇ ਹਰਿਆਣਾ ਦੀ ਹਕੂਮਤ ਕੋਈ ਵੀ ਅਜਿਹੀ ਚਾਲ ਜੋ ਨਾ ਚੱਲੀ ਹੋਵੇ। ਉਹਨਾਂ ਸ਼ਾਮ ਦਾਮ ਦੰਡ ਤੇ ਭੇਤ ਦਾ ਹਰ ਤਰੀਕਾ ਅਪਣਾਇਆ ਪਰ ਕਿਸਾਨਾਂ ਦੀ ਏਕਤਾ ਤੇ ਸ਼ਾਂਤਮਈ ਅੰਦੋਲਨ ਨੇ ਹਰ ਦਿਨ ਨਵੇਂ ਝੰਡੇ ਗੱਡੇ। ਹਰ ਪਲ ਭਾਜਪਾ ਦੀ ਕੇਂਦਰੀ ਸਰਕਾਰ ਨੇ ਇਸ ਮੋਰਚੇ ਨੂੰ ਬਦਨਾਮ ਕਰਨ ਲਈ ਕੌਮੀ ਮੀਡੀਆ ਦਾ ਸਹਾਰਾ ਲਿਆ। ਇਸ ਅੰਦੋਲਨ ਨੂੰ ਕਈ ਤਰ੍ਹਾਂ ਦੇ ਨਾਮ ਦਿੱਤੇ ਗਏ। ਸਰਕਾਰ ਵੱਲੋਂ ਵੱਡੇ ਪੱਧਰ ਉਤੇ ਇਸ ਅੰਦੋਲਨ ਨੂੰ ਖਤਮ ਕਰਨ ਲਈ ਹਰ ਤਰੀਕਾ ਵਰਤਿਆ। ਜਿਉ ਜਿਉ ਇਹ ਮੋਰਚਾ ਲੰਮਾ ਹੁੰਦਾ ਗਿਆ ਤੇ ਕਈ ਤਰ੍ਹਾਂ ਦੇ ਤੌਖਲੇ ਵੀ ਪੈਦਾ ਹੋਏ। ਹੋਲੀ ਹੋਲੀ ਇਹ ਮੋਰਚਾ ਆਪਣੀ ਪਕੜ ਮਜ਼ਬੂਤ ਕਰਦਾ ਹੋਇਆ ਜਿੱਤ ਨਿਸ਼ਾਨ ਵੱਲ ਵਧਣ ਲੱਗਿਆ। ਭਾਵੇਂ 26 ਜਨਵਰੀ ਨੂੰ ਇਸ ਅੰਦੋਲਨ ਨੂੰ ਗਲਤ ਦਿਸ਼ਾ ਦੇਣ ਵਿੱਚ ਭਾਜਪਾ ਦੀ ਸਰਕਾਰ ਕਾਮਯਾਬ ਹੋ ਗਈ ਸੀ ਪਰ ਯੂਪੀ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਇਸ ਅੰਦੋਲਨ ਨੂੰ ਅਜਿਹਾ ਜਾਗ ਲਾਇਆ ਅੰਦੋਲਨ ਫਿਰ ਤੋਂ ਪੈਰਾਂ ਸਿਰ ਹੋ ਗਿਆ। ਬੀਤੇ ਸਾਲ ਵਿੱਚ 723 ਕਿਸਾਨ ਸ਼ਹੀਦੀਆਂ ਪਾ ਗਏ। ਇਸ ਅੰਦੋਲਨ ਨੂੰ ਜ਼ਾਬਤੇ ਵਿੱਚ ਰੱਖਣ ਲਈ ਇਸ ਦੇ ਆਗੂਆਂ ਨੂੰ ਪਲ ਪਲ ਸੋਚ ਸੋਚ ਕੇ ਕਦਮ ਚੁੱਕਣੇ ਪਏ। ਇਸ ਅੰਦੋਲਨ ਨੂੰ ਹਰ ਦਿਨ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਕਿਸਾਨ ਅੰਦੋਲਨ ਪੂਰੇ ਦੇਸ਼ ਵਿੱਚ ਭਾਜਪਾ ਦੇ ਚਲੇ ਆ ਰਹੇ ਘੋੜੇ ਦੀ ਲਗਾਮ ਫੜ ਲਈ। ਮੁੱਢਲੇ ਸਮਿਆਂ ਵਿੱਚ ਸਰਕਾਰ ਨੇ ਖੇਤੀਬਾੜੀ ਦੇ ਬਿੱਲਾਂ ਕਈ ਵਾਰ ਵਾਰਤਾਲਾਪ ਕੀਤੀ। ਹਰ ਵਾਰ ਵਾਰਤਾਲਾਪ ਬਿਨ੍ਹਾਂ ਕਿਸੇ ਸਿੱਟੇ ਦੇ ਮੁਕਦੀ ਰਹੀ। ਭਾਜਪਾ ਦੀ ਸਰਕਾਰ ਨੇ ਕਿਸਾਨਾਂ ਨੂੰ ਇਹਨਾਂ ਤਿੰਨ ਕਾਨੂੰਨਾਂ ਵਾਰੇ ਸਮਝਾਉਣ ਦੀਆਂ ਲੱਖ ਕੋਸ਼ਿਸ਼ਾਂ ਕੀਤੀਆਂ ਪਰ ਸਰਕਾਰ ਨੂੰ ਹਰ ਮੂੰਹ ਦੀ ਖਾਣੀ। ਕਿਸਾਨ ਹਰ ਵਾਰ ਸਰਕਾਰ ਨੂੰ ਨਿਰਉਤਰ ਕਰਦੇ। ਪੰਜਾਬ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਦੇਸ ਤੇ ਵਿਦੇਸ਼ਾਂ ਵਿੱਚ ਪੁਜਿਆ। ਜਿਥੇ ਦੇਸ਼ ਦਾ ਗੋਦੀ ਮੀਡੀਆ ਇਸ ਅੰਦੋਲਨ ਨੂੰ ਮੁੱਠੀ ਭਰ ਕਿਸਾਨਾਂ ਦਾ ਪ੍ਰਚਾਰਦਾ ਰਿਹਾ ਉਥੇ ਕੌਮਾਂਤਰੀ ਮੀਡੀਆ ਨੇ ਇਸ ਦੀ ਡੱਟਵੀ ਹਮਾਇਤ ਕੀਤੀ। ਇਸੇ ਬੀਤੇ ਸਾਲ ਦੌਰਾਨ ਬੰਗਾਲ ਦੇ ਵਿੱਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਭਾਜਪਾ ਤੇ ਉਸਦੀਆਂ ਸਹਿਯੋਗੀ ਸਿਆਸੀ ਪਾਰਟੀਆਂ ਨੇ ਕਿਸਾਨਾਂ ਨੂੰ ਬਦਨਾਮ ਕਰਨ ਲਈ ਹਰ ਤਰੀਕਾ ਵਰਤਿਆ ਤੇ ਉਹ ਕਾਮਯਾਬ ਨਾ ਹੋਏ। ਕਿਸਾਨ ਅੰਦੋਲਨ ਨੇ ਦੇਸ਼ ਦੇ ਲੋਕਾਂ ਦੇ ਅੰਦਰ ਇਕ ਨਵੀਂ ਤਰ੍ਹਾਂ ਦੀ ਚੇਤਨਾ ਪੈਦਾ ਕੀਤੀ। ਜਿਸਦਾ ਸਿੱਟਾ ਇਹ ਹੋਇਆ ਕਿ ਦਸ ਸਾਲ ਤੋਂ ਨੱਬੇ ਸਾਲ ਦਾ ਹਰ ਪੰਜਾਬੀ ਮੀਡੀਆ ਨੂੰ ਇਨ੍ਹਾਂ ਖੇਤੀਬਾੜੀ ਬਿਲਾਂ ਦੇ ਨੁਕਸਾਨ ਵਾਰੇ ਦੱਸਣ ਲੱਗਿਆ । ਇਸ ਅੰਦੋਲਨ ਦੇ ਦੇਸ਼ ਦੀਆਂ ਪੰਜ ਸੌ ਕਿਸਾਨ ਤੇ ਮਜ਼ਦੂਰ ਪਾਰਟੀਆਂ ਨੇ ਇਕ ਸਾਂਝਾ ਸੰਯੁਕਤ ਮੋਰਚਾ ਬਣਾ ਕੇ ਇਹ ਲੜਾਈ ਲੜੀ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁੱਝ ਦਿਨ ਪਹਿਲਾਂ ਇਹ ਖੇਤੀਬਾੜੀ ਦੇ ਤਿੰਨ ਬਿੱਲ ਵਾਪਸ ਲੈਣ ਦੀ ਜਿਹੜੀ ਗੱਲ ਆਖੀ ਸੀ ਉਹ ਹੁਣ ਕੇਂਦਰੀ ਕੈਬਨਿਟ ਵਿੱਚ ਪਾਸ ਹੋ ਗਈ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਹੜਾ ਹਰ ਝੂਠ ਨੂੰ ਸੱਚ ਬਣਾ ਕੇ ਆਪਣੀ ਸ਼ਕਤੀ ਦੇ ਨਾਲ ਉਹ ਕਿਸਾਨਾਂ ਨੂੰ ਮੰਨਵਾ ਨਹੀਂ ਸਕਿਆ । ਭਾਜਪਾ ਨੂੰ ਇਹ ਬਿੱਲ ਵਾਪਸ ਲੈ ਕੇ ਨਿਮੋਸ਼ੀ ਝੱਲਣੀ ਪਈ। ਅੱਜ ਦੁਨੀਆਂ ਵਿੱਚ ਇਸ ਅੰਦੋਲਨ ਦੀ ਜਿੱਤ ਦੀ ਖੁਸ਼ੀ ਮਨਾਈ ਜਾ ਰਹੀ ਹੈ। ਅੱਜ ਦੇ ਵੱਡੇ ਪੱਧਰ ਤੇ ਲੋਕ ਦਿੱਲੀ ਵਿੱਚ ਇਕੱਠੇ ਹੋਣਗੇ। ਭਾਜਪਾ ਸਰਕਾਰ ਨਵ ਆਪਣੇ ਕਾਨੂੰਨ ਵਾਪਸ ਲੈਣ ਦੇ ਹਰ ਤਰ੍ਹਾਂ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਪਰ ਕਿਸਾਨਾਂ ਨੇ ਸਰਕਾਰ ਦੇ ਵੱਲੋਂ ਕਿਸਾਨਾਂ ਦੇ ਉਪਰ ਦਰਜ ਕੀਤੇ ਪਰਚੇ, ਜ਼ਬਤ ਕੀਤੇ ਵਾਹਣ ਤੇ ਕਿਸਾਨਾਂ ਨੂੰ ਬਿਨ੍ਹਾਂ ਸ਼ਰਤ ਰਿਹਾ ਕਰਨ ਤੇ ਖਤਮ ਕਰਨ, ਐਮ ਐਸ ਪੀ ਦਾ ਗਾਰੰਟੀ, ਬਿਜਲੀ ਦਾ ਕਾਨੂੰਨ ਤੇ ਪਰਾਲੀ ਦਾ ਬਿੱਲ ਵਾਪਸ ਲੈਣ ਤੋਂ ਬਾਅਦ ਲਿਖਤੀ ਗਰੰਟੀ ਮਿਲਣ ਤੱਕ ਇਹ ਅੰਦੋਲਨ ਜਾਰੀ ਰੱਖਣ ਦੇ ਫੈਸਲਾ ਲਿਆ ਹੋਇਆ ਹੈ। ਮੋਦੀ ਸਰਕਾਰ ਹੁਣ ਕਿਸਾਨਾਂ ਦੇ ਸਾਹਮਣੇ ਗੋਡੇ ਟੇਕ ਚੁੱਕੀ ਹੈ। ਭਾਵੇਂ ਇਹ ਤਿੰਨ ਬਿਲ ਵਾਪਸ ਲੈਣ ਦੇ ਫੈਸਲੇ ਨੇ ਭਾਜਪਾ ਅੰਦਰ ਵੀ ਖਲਬਲੀ ਮਚਾਈ ਹੈ। ਭਾਜਪਾ ਦੇ ਕੁੱਝ ਕੱਟੜ ਆਗੂ ਮੋਦੀ ਦੇ ਇਸ ਫੈਸਲੇ ਦੀ ਆਲੋਚਨਾ ਕਰਦੇ ਹਨ।

ਕਿਸਾਨ, ਮਜ਼ਦੂਰ ਤੇ ਭਾਰਤੀ ਲੋਕਾਂ ਦੀ ਇਹ ਜਿੱਤ ਭਾਜਪਾ ਦੇ ਲਈ ਬਹੁਤ ਵੱਡੀ ਹਾਰ ਬਣ ਗਈ ਹੈ। ਭਾਵੇਂ ਦੇ ਵਿੱਚ ਇਹਨਾਂ ਮੁੱਦਿਆਂ ਦੇ ਨਾਲੋਂ ਹੋਰ ਵੀ ਕਈ ਗੰਭੀਰ ਮੁੱਦੇ ਹਨ ਜਿਹਨਾਂ ਦੇ ਲਈ ਦੇਸ਼ ਦੇ ਲੋਕਾਂ ਨੂੰ ਲੜ੍ਹਾਈ ਲੜਨੀ ਪਵੇਗੀ। ਇਸ ਅੰਦੋਲਨ ਨੇ ਜਿਥੇ ਲੋਕਤੰਤਰ ਨੂੰ ਮਜ਼ਬੂਤ ਕੀਤਾ ਹੈ। ਉਥੇ ਭਾਜਪਾ ਦੇ ਉਸ ਤੂਫਾਨ ਨੂੰ ਰੋਕਿਆ ਹੈ ਜੋ ਪੂਰੇ ਦੇਸ਼ ਵਿੱਚ ਚੱਲ ਰਿਹਾ ਸੀ। ਭਾਜਪਾ ਦੀ ਕੇਂਦਰੀ ਸਰਕਾਰ ਨੇ ਭਾਵੇਂ ਇਹ ਬਿੱਲ ਅਗਲੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਲਏ ਹਨ ਪਰ ਦੇਸ਼ ਦੇ ਲੋਕਾਂ ਨੂੰ ਹੁਣ ਅਵੇਸਲੇ ਹੋ ਕੇ ਬਹਿ ਨਹੀਂ ਜਾਣਾ ਚਾਹੀਦਾ ਸਗੋਂ ਸਰਕਾਰ ਦੀਆਂ ਹੋਰ ਗਲਤ ਨੀਤੀਆਂ ਦਾ ਵਿਰੋਧ ਕਰਨ ਲਈ ਇਹ ਸੰਘਰਸ਼ ਜਾਰੀ ਰਹਿਣਾ ਚਾਹੀਦਾ ਹੈ। ਸਾਨੂੰ ਉਹਨਾਂ ਕਿਸਾਨਾਂ ਦੇ ਪਰਿਵਾਰਾਂ ਨਾਲ ਵੀ ਹਮਦਰਦੀ ਕਰਨੀ ਚਾਹੀਦੀ ਹੈ ਜੋ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋਏ। ਪੰਜਾਬ ਤੇ ਪੰਜਾਬੀਆਂ ਨੇ ਇਕ ਵਾਰ ਫੇਰ ਇਤਿਹਾਸ ਸਿਰਜਿਆ ਹੈ ਤੇ ਪੰਜਾਬ ਦੇ ਮੱਥੇ ਲੱਗੇ ਕਈ ਤਰ੍ਹਾਂ ਦੇ ਸਰਕਾਰੀ ਦਾਗ ਵੀ ਧੋਤੇ ਹਨ। ਇਹ ਜੰਗ ਅਜੇ ਮੁੱਕੀ ਨਹੀਂ ਹੈ। ਇਹ ਜੰਗ ਜਾਰੀ ਰਹਿਣੀ ਚਾਹੀਦੀ ਹੈ ਜਦ ਤੱਕ ਹਰ ਭਾਰਤੀ ਕੋਲ ਰਹਿਣ ਲਈ ਘਰ ਤੇ ਰੁਜ਼ਗਾਰ ਹੋਵੇ।

ਕਿਸਾਨ ਯੂਨੀਅਨ ਦੇ ਆਗੂਆਂ ਨੂੰ ਇਸ ਵਕਤ ਆਪਣੀ ਪੀੜੀ ਹੇਠ ਸੋਟਾ ਫੇਰਨ ਦੀ ਲੋੜ ਹੈ ਕਿ ਉਨਾਂ ਵੱਲੋਂ ਕਿੱਥੇ ਕਿੱਥੇ ਗਲਤੀਆਂ ਹੋ ਰਹੀਆਂ ਹਨ ਤੇ ਉਹਨਾਂ ਕਿਸਾਨ ਜਥੇਬੰਦੀਆਂ ਨਾਲ ਵੀ ਰਾਬਤਾ ਕਾਇਮ ਕਰਨਾ ਚਾਹੀਦਾ ਹੈ ਜਿਹੜੀਆਂ ਇਸ ਅੰਦੋਲਨ ਤੋਂ ਬਾਹਰ ਹਨ। ਭਾਵੇਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਪਿਛਲੇ 14 ਦਿਨਾਂ ਤੋਂ ਖਨੌਰੀ ਬਾਰਡਰ ਤੇ ਮਰਨ ਵਰਤ ਰੱਖਿਆ ਹੋਇਆ ਹੈ ਤੇ ਉਹਨਾਂ ਦੀ ਹਾਲਤ ਦਿਨੋ ਦਿਨ ਪਤਲੀ ਹੁੰਦੀ ਜਾ ਰਹੀ ਹੈ। ਜਿਸ ਤਰ੍ਹਾਂ ਉਨ੍ਹਾਂ ਨੂੰ ਮਰਨ ਵਰਤ ਰੱਖਣ ਤੋਂ ਪਹਿਲਾਂ ਪੰਜਾਬ ਪੁਲਿਸ ਨੇ ਚੱਕਿਆ ਸੀ ਇਸ ਨੇ ਵੀ ਪੰਜਾਬ ਸਰਕਾਰ ਦੇ ਉੱਪਰ ਸਵਾਲ ਖੜੇ ਕਰ ਦਿੱਤੇ ਸਨ। ਇਸ ਸਮੇਂ ਪੰਜਾਬ ਧਰਮ, ਰਾਜਨੀਤੀ, ਕਿਸਾਨ ਮਜ਼ਦੂਰ ਅੰਦੋਲਨ, ਬੇਰੁਜ਼ਗਾਰ ਅੰਦੋਲਨ, ਅਧਿਆਪਕ ਅੰਦੋਲਨ ਅਤੇ ਮੁਲਾਜ਼ਮ ਅੰਦੋਲਨ ਚੱਲ ਰਹੇ ਹਨ। ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਇੱਕ ਵੱਖਰੇ ਕਿਸਮ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਪੰਜਾਬ ਫਿਰ ਤੋਂ 80ਵੇਂ ਦਹਾਕਿਆਂ ਦੇ ਵੱਲ ਨੂੰ ਤੁਰ ਰਿਹਾ ਹੈ। ਧਰਮ ਅਤੇ ਸਿਆਸੀ ਤੌਰ ਤੇ ਮਾਹੌਲ ਇਸ ਤਰ੍ਹਾਂ ਦਾ ਸਿਰਜਿਆ ਜਾ ਰਿਹਾ ਹੈ ਜਿਸ ਤਰ੍ਹਾਂ ਪੰਜਾਬ ਵਿੱਚ ਕੋਈ ਵੱਸਦਾ ਹੀ ਨਾ ਹੋਵੇ। ਪੰਜਾਬ ਸਰਕਾਰ ਅਤੇ ਪੁਲਿਸ ਦੀ ਅਣਗਹਿਲੀ ਕਾਰਨ ਪੰਜਾਬ ਅੰਦਰ ਫਿਰ ਤੋਂ ਪੰਜਾਬ ਵਿਰੋਧੀ ਤਾਕਤਾਂ ਸਿਰ ਚੁੱਕ ਰਹੀਆਂ ਹਨ। ਇਧਰ ਇਹ ਕਿਸਾਨ ਅੰਦੋਲਨ ਮੁੜ ਆਪਣੇ ਮੋਰਚਿਆਂ ਵਿੱਚ ਪਰਤ ਆਇਆ ਹੈ। ਕਿਸਾਨ ਆਗੂਆਂ ਨੇ ਮੰਗ ਪੱਤਰ ਦਿੱਤਾ ਹੈ ਕਿ ਕੇਂਦਰ ਸਰਕਾਰ ਉਹਨਾਂ ਨਾਲ ਗੱਲਬਾਤ ਕਰੇ ਜੇਕਰ ਕੇਂਦਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਾ ਮਿਲਿਆ ਤਾਂ ਭਲ ਕੇ ਫਿਰ ਚੋਥੀ ਵਾਰ ਕਿਸਾਨ ਜਥੇਬੰਦੀਆਂ ਦਿੱਲੀ ਕੂਚ ਕਰਨ ਦਾ ਹੌਸਲਾ ਕਰਨਗੀਆਂ। ਦੁੱਖ ਦੀ ਗੱਲ ਤਾਂ ਇਹ ਹੈ ਕਿ ਜਦੋਂ ਫਰਵਰੀ ਦੇ ਵਿੱਚ ਇਹ ਅੰਦੋਲਨ ਸ਼ੁਰੂ ਹੋਇਆ ਸੀ ਤਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰ ਰਹੀ ਸੀ ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਇਸ ਗੱਲਬਾਤ ਵਿੱਚ ਸ਼ਾਮਿਲ ਹੁੰਦੇ ਸਨ। ਪਰ ਇਸ ਸਮੇਂ ਪੰਜਾਬ ਸਰਕਾਰ ਹੱਥ ਦੇ ਹੱਥ ਧਰੀ ਬੈਠੀ ਹੈ। ਪੰਜਾਬ ਦੀਆਂ ਵੱਡੀਆਂ ਕਿਸਾਨ ਜਥੇਬੰਦੀਆਂ ਵੀ ਇਸ ਅੰਦੋਲਨ ਤੋਂ ਕਿਨਾਰਾ ਕਸੀ ਕਰੀ ਬੈਠੀਆਂ ਹਨ। ਚਾਹੀਦਾ ਤਾਂ ਇਹ ਹੈ ਕਿ ਪੰਜਾਬ ਦੀਆਂ ਸਮੁੱਚੀਆਂ ਕਿਸਾਨ ਮਜ਼ਦੂਰ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ ਉੱਤੇ ਇਕੱਠੇ ਹੋ ਕੇ ਪੰਜਾਬ ਅਤੇ ਕੇਂਦਰ ਸਰਕਾਰ ਉੱਤੇ ਦਬਾਅ ਪਾਉਣ ਲਈ ਕੋਈ ਨਵੀਂ ਰਣਨੀਤੀ ਬਣਾਉਣੀ ਚਾਹੀਦੀ ਹੈ। ਪਰ ਦੁੱਖ ਦੀ ਗੱਲ ਇਹ ਵੀ ਹੈ ਕਿ ਇਸ ਸਮੇਂ ਜਿਹੜਾ ਕਿਸਾਨ ਅੰਦੋਲਨ ਚੱਲ ਰਿਹਾ ਹੈ ਉਸ ਵਿੱਚ ਕੋਈ ਨਿਰਨਾਇਕ ਫੈਸਲਾ ਲੈਣ ਵਾਲਾ ਆਗੂ ਨਜ਼ਰ ਨਹੀਂ ਆ ਰਿਹਾ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਅੱਗੇ ਲਾ ਕੇ ਪੰਜਾਬ ਦਾ ਧਿਆਨ ਬਦਲਣ ਦੇ ਲਈ ਇਹ ਸਾਰੀ ਖੇਡ ਖੇਡ ਰਹੀ ਹੈ। ਕੇਂਦਰ ਸਰਕਾਰ ਕਿਸਾਨਾਂ ਦੀਆਂ ਜਮੀਨਾਂ ਹਥਿਆਉਣ ਲਈ ਜਿਸ ਤਰ੍ਹਾਂ ਦੇ ਹੱਥਕੰਡੇ ਵਰਤ ਰਹੀ ਹੈ ਉਸ ਤੋਂ ਸਪਸ਼ਟ ਨਜ਼ਰ ਆਉਂਦਾ ਹੈ ਕਿ ਮੋਦੀ ਸਰਕਾਰ ਬਹੁ ਕੌਮੀ ਕੰਪਨੀਆਂ ਦੇ ਹੱਥਾਂ ਦਾ ਖਿਡਾਉਣਾ ਬਣ ਕੇ ਰਹਿ ਗਈ ਹੈ ਤੇ ਉਹ ਆਪਣੀਆਂ ਸ਼ਕਤੀਆਂ ਦੇ ਰਾਹੀਂ ਕਿਸਾਨਾਂ ਨੂੰ ਕੁਚਲ ਰਹੀ ਹੈ। ਇਸ ਮੌਕੇ ਸਮੁੱਚੀਆਂ ਕਿਸਾਨ ਜਥੇਬੰਦੀਆਂ ਅਤੇ ਪੰਜਾਬ ਦੇ ਹੱਕਾਂ ਲਈ ਲੜਾਈ ਲੜ ਰਹੀਆਂ ਅਗਾਂਹ ਵਧੂ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਕੋਈ ਨਵੀਂ ਰਣਨੀਤੀ ਅਪਣਾਉਣੀ ਚਾਹੀਦੀ ਹੈ। ਨਹੀਂ ਜਿਸ ਤਰ੍ਹਾਂ ਇਕੱਲੇ ਇਕੱਲੇ ਹੋ ਕੇ ਕਿਸਾਨ ਭਾਰਤੀ ਸਟੇਟ ਦਾ ਤਸ਼ੱਦਦ ਤੇ ਚੱਲ ਰਹੇ ਹਨ। ਉਹ ਕੋਈ ਚੰਗੀ ਗੱਲ ਨਹੀਂ। ਇਸ ਮੌਕੇ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਆਪਣੀ ਹਉਮੈ ਤਿਆਗ ਕੇ ਇੱਕ ਮਨ ਚ ਉੱਤੇ ਇਕੱਠੇ ਹੋਣ ਦੀ ਲੋੜ ਹੈ ਨਹੀਂ ਹਾਲਤ ਵਖਤੋਂ ਖੁੰਝੀ ਡੂਮਣੀ ਗਾਵੇ ਆਲ ਪਤਾਲ ਵਰਗੀ ਹੋ ਗਈ ਹੈ।









# ਨੀਂਦ ਦੇ ਅਣਸੁਲਝੇ ਭੇਦਾਂ ਨੂੰ ਸੁਲਝਾਉਣ ਵਿੱਚ ਜੁਟੇ ਵਿਸ਼ਵ ਵਿਗਿਆਨੀ

– ਸੁਖਮੰਦਰ ਸਿੰਘ ਤੂਰ



ਮਨੁੱਖ ਆਪਣੀ ਜ਼ਿੰਦਗੀ ਦਾ ਇਕ ਤਿਹਾਈ ਤੋਂ ਵੱਧ ਹਿੱਸਾ ਨੀਂਦ ਵਿਚ ਗੁਜ਼ਾਰ ਦਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਆਪਣੀ ਜ਼ਿੰਦਗੀ ਦੇ ਇਸ ਇਕ ਤਿਹਾਈ ਹਿੱਸੇ ਬਾਰੇ ਜ਼ਿਆਦਾ ਕੁਝ ਨਹੀਂ ਜਾਣਦਾ, ਇਹ ਉਸ ਦੀ ਸਮਝ ਤੋਂ ਬਾਹਰ ਹੈ। ਦੁਨੀਆ ਭਰ ਦੇ ਵਿਗਿਆਨੀ ਅਤੇ ਮਨੋਵਿਗਿਆਨੀ ਪਿਛਲੇ ਕਾਫੀ ਸਮੇਂ ਤੋਂ ਇਸ ਦੇ ਗੁੱਝੇ ਭੇਦਾਂ ਨੂੰ ਸੁਲਝਾਉਣ ਵਿਚ ਲੱਗੇ ਹੋਏ ਹਨ। ਅਮਰੀਕਾ ਅਤੇ ਪੱਛਮੀ ਯੂਰਪ ਦੇ ਵਿਗਿਆਨੀ ਤਾਂ ਇਸ ਦਿਸ਼ਾ ਵਿਚ ਬਹੁਤ ਮਹੱਤਵਪੂਰਨ ਕੋਸ਼ਿਸ਼ਾਂ ਅਤੇ ਪ੍ਰਯੋਗਾਂ ਵਿਚ ਜੁਟੇ ਹੋਏ ਹਨ। ਅਮਰੀਕਾ ਦੇ ਕਈ ਸਕੂਲਾਂ ਅਤੇ ਮੈਡੀਕਲ ਕਾਲਜਾਂ ਵਿਚ ਤਾਂ ਨੀਂਦ ਦੇ ਸਬੰਧ ਵਿਚ ਖੋਜ ਕਰਨ ਲਈ ਅਲੱਗ - ਅਲੱਗ ਵਿਭਾਗ ਅਤੇ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇੱਥੇ ਨੀਂਦ ਅਤੇ ਸੁਪਨਿਆਂ ਆਦਿ 'ਤੇ ਖੋਜ ਕਰਨ ਵਾਸਤੇ "ਡ੍ਰੀਮ ਰਿਸਰਚ ਲੈਬਾਰਟਰੀ" ਨਾਂਅ ਦੀ ਇਕ ਸੰਸਥਾ ਵੀ ਬਣੀ ਹੋਈ ਹੈ।

ਇਸ ਸੰਸਥਾ ਦੁਆਰਾ ਨੀਂਦ ਦੇ ਸਬੰਧ ਵਿਚ ਅਤਿਅੰਤ ਚਾਰੇ ਪਾਸੇ ਫੈਲੀਆਂ ਹੋਈਆਂ ਖੋਜਾਂ ਅਤੇ ਜਾਂਚ.'ਤੇ ਕੰਮ ਕੀਤਾ ਜਾ ਰਿਹਾ ਹੈ। ਸੰਸਥਾ ਦੁਆਰਾ ਨੀਂਦ ਸਮੇਂ ਦਿਮਾਗ ਦੀਆਂ ਬਿਜਲਈ ਗਤੀਵਿਧੀਆਂ ਨੂੰ ਨਾਪਣ ਲਈ ਇਕ ਯੰਤਰ ਵਿਕਸਤ ਕੀਤਾ ਗਿਆ ਹੈ। ਇਹ ਯੰਤਰ ਨੀਂਦ ਦੀ ਹਾਲਤ ਵਿਚ ਮੱਥੇ ਤੋਂ ਵਹਿਣ ਵਾਲੀਆਂ ਅਤਿ ਸੂਖਮ ਬਿਜਲਈ ਤਰੰਗਾਂ ਨੂੰ ਪੂਰੀ ਸਫਾਈ ਨਾਲ ਗ੍ਰਾਫ ਪੇਪਰ.'ਤੇ ਲਿਖਦਾ ਜਾਂਦਾ ਹੈ।

ਨੀਂਦ ਦੀ ਸਭ ਤੋਂ ਮਹੱਤਵਪੂਰਨ ਅਵਸਥਾ ਚੌਥੇ ਪਹਿਰ ਵਿਚ ਅਰੰਭ ਹੁੰਦੀ ਹੈ। ਇਸ ਅਵਸਥਾ ਮਨੁੱਖ ਗੂੜ੍ਹੀ ਨੀਂਦ ਵਿਚ ਚਲਿਆ ਜਾਂਦਾ ਹੈ। ਗੂੜ੍ਹੀ ਨੀਂਦ ਦੀ ਇਸ ਅਵਸਥਾ ਨੂੰ ਵਿਗਿਆਨਕ ਭਾਸ਼ਾ ਵਿਚ "ਰੈਪਿਡ ਆਈ ਮੂਵਮੈਂਟ ਰੇਮ" ਕਹਿੰਦੇ ਹਨ। ਰੇਮ ਦੇ ਦੌਰਾਨ ਦਿਮਾਗ ਦੀ ਕ੍ਰਿਆਸ਼ੀਲਤਾ ਹੈਰਾਨੀਜਨਕ ਰੂਪ ਨਾਲ ਵਧ ਜਾਂਦੀ ਹੈ। ਸਭ ਤੋਂ ਗੂੜ੍ਹੀ ਅਤੇ ਵਧੀਆ ਨੀਂਦ ਨੂੰ ਵਿਗਿਆਨ ਜਗਤ ਵਿਚ "ਰੇਮ" ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਨਵ ਜਨਮੇ ਬੱਚੇ ਆਪਣਾ 75 %ਤੋਂ ਵੱਧ ਸਮਾਂ ਨੀਂਦ ਵਿਚ ਗੁਜ਼ਾਰ ਦਿੰਦੇ ਹਨ। ਤਿੰਨ ਸਾਲ ਦੀ ਉਮਰ ਤੋਂ ਬਾਅਦ " ਰੇਮ" ਸ਼੍ਰੇਣੀ ਦੀ ਨੀਂਦ ਦਾ ਫੀਸਦੀ ਘਟਣਾ ਸ਼ੁਰੂ ਹੋ ਜਾਂਦਾ ਹੈ। ਜਵਾਨੀ ਦੀ ਉਮਰ ਵਿਚ 22 ਫੀਸਦੀ, 50 ਸਾਲ ਦੀ ਉਮਰ ਤੱਕ 20 ਫੀਸਦੀ ਅਤੇ ਇਸ ਤੋਂ ਬਾਅਦ ਦੀ ਉਮਰ ਵਿਚ "ਰੇਮ" ਸ਼੍ਰੇਣੀ ਦੀ ਨੀਂਦ ਦੀ ਮਾਤਰਾ 10 ਤੋਂ 15 ਫੀਸਦੀ ਰਹਿ ਜਾਂਦੀ ਹੈ।

ਮਨੋਵਿਗਿਆਨਕਾਂ ਦੇ ਇਕ ਸਮੂਹ ਦੁਆਰਾ ਕੀਤੇ ਗਏ ਇਕ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਨੀਂਦ ਆਪਣੇ - ਆਪ ਵਿਚ ਇਕ ਲੈਅਬੱਧ ਪ੍ਰਤੀਕਿਰਿਆ ਹੈ, ਜਿਸ ਦੇ ਅਨੁਸਾਰ ਨੀਂਦ ਨਿਸ਼ਚਿਤ ਮਿਆਦ ਦੇ ਕਾਲ ਖੰਡਾਂ ਵਿਚ ਵੰਡੀ ਹੁੰਦੀ ਹੈ। ਇਕ ਕਾਲ ਖੰਡ ਦੀ ਸਥਿਤੀ ਅਕਸਰ 90 ਮਿੰਟ ਦੀ ਹੁੰਦੀ ਹੈ। ਕਾਲ ਖੰਡ ਦੀ ਆਰੰਭਿਕ ਅਵਸਥਾ ਵਿਚ ਅੱਖਾਂ ਤੇਜ਼ੀ ਨਾਲ ਇਧਰ-ਉਧਰ ਘੁੰਮਦੀਆਂ ਹਨ। ਮੱਧ ਵਰਤੀ ਕਾਲ ਖੰਡ ਦੌਰਾਨ ਸੰਚਾਲਨ ਦੀ ਗਤੀ ਕਰਮਵਾਰ ਬਰਾਬਰ ਹੋਣ ਲੱਗਦੀ ਹੈ ਅਤੇ ਕਾਲ ਖੰਡ ਦੀ ਅੰਤਿਮ ਸਟੇਜ15-20 ਮਿੰਟ ਦੀ ਗਹਿਰੀ ਨੀਂਦ ਦੀ ਅਵਸਥਾ ਹੁੰਦੀ ਹੈ। ਮਨੋਵਿਗਿਆਨਕਾਂ ਦੇ ਅਨੁਸਾਰ ਤੰਦਰੁਸਤ ਸਰੀਰਕ ਆਰਾਮ ਲਈ ਇਕ ਕਾਲ ਖੰਡ ਦੀਆਂ ਤਿੰਨ ਅਵਸਥਾਵਾਂ ਵਿੱਚੋਂ ਲੰਘਣਾ ਪੈਂਦਾ ਹੈ।

ਇਕ ਅਮਰੀਕੀ ਵਿਗਿਆਨੀ ਡਾ. ਹੇਰਾਲਡ ਵਿਲਸਨ ਦਾ ਕਹਿਣਾ ਹੈ ਕਿ ਜੇਕਰ ਮਨੁੱਖ ਨੂੰ 100 ਤੋਂ 150 ਘੰਟਿਆਂ ਤੱਕ ਨੀਂਦ ਤੋਂ ਬਗੈਰ ਰੱਖਿਆ ਜਾਵੇ ਤਾਂ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਲਵੇਗਾ। ਉਸ ਨੂੰ ਚੀਜ਼ਾਂ ਦਾ ਆਕਾਰ ਬਦਲਦਾ ਹੋਇਆ ਦਿਖਾਈ ਦੇਣ ਲੱਗੇਗਾ ਅਤੇ ਜੇਕਰ ਇਸ ਅਵਸਥਾ ਤੋਂ ਬਾਅਦ ਵੀ ਨਸੀਬ ਨਾ ਹੋਵੇ ਤਾਂ ਉਸ ਦਾ ਮਾਨਸਿਕ ਸੰਤੁਲਨ ਬਿਲਕੁਲ ਜਵਾਬ ਦੇ ਦੇਵੇਗਾ ਅਤੇ ਉਸ ਦੇ ਪਾਗਲ ਹੋਣ ਤੱਕ ਦੀ ਨੌਬਤ ਆ ਸਕਦੀ ਹੈ। ਖੋਜਾਂ ਅਨੁਸਾਰ ਨੀਂਦ ਦੇ ਸਵੇਗ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ ਨੀਂਦ ਦੇ ਪਹਿਲੇ ਪਹਿਰ ਨੂੰ "ਅਲਪਨੀਂਦਰ" ਦਾ ਨਾਂਅ ਦਿੱਤਾ ਗਿਆ ਹੈ। ਇਹ ਅਵਸਥਾ ਨੀਂਦ ਦੀ ਤਿਆਰੀ ਦੀ ਪਹਿਲੀ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿਚ ਈ. ਈ. ਜੀ. ਗਰਾਫ ਪੇਪਰ 'ਤੇ ਨੀਂਦ ਸਤਰ 10 ਹਰਟਜ਼ ਦੱਸਦਾ ਹੈ। ਹਰਟਜ਼ ਨੀਂਦ ਦੀ ਗਹਿਰਾਈ ਨੂੰ ਨਾਪਣ ਦੀ ਇਕ ਇਕਾਈ ਹੈ। ਦੂਜਾ ਪਹਿਰ ਉਸ ਨੂੰ ਮੰਨਿਆ ਜਾਂਦਾ ਹੈ ਜਦੋਂ ਮਨੁੱਖ ਨੂੰ ਹਲਕੀ ਨੀਂਦ ਆਉਣ ਲੱਗਦੀ ਹੈ। ਇਸ ਸਮੇਂ 7 ਹਰਟਜ਼ ਦਿਖਾਈ ਦੇਣ ਲੱਗਦਾ ਹੈ ਅਤੇ ਹੌਲੀ-ਹੌਲੀ ਮਨੁੱਖ ਗਹਿਰੀ ਨੀਂਦ ਵਿਚ ਚਲਿਆ ਜਾਂਦਾ ਹੈ ਅਤੇ ਤੀਜੇ ਪਹਿਰ ਦੀ ਨੀਂਦ ਵਿਚ ਦਿਮਾਗ ਦੀਆਂ ਤਰੰਗਾਂ ਦਾ ਪੱਧਰ 5 ਹਰਟਜ਼ ਤੱਕ ਪਹੁੰਚ ਜਾਂਦਾ ਹੈ। ਇਸ ਅਵਸਥਾ ਵਿਚ ਸਰੀਰ ਦੀਆਂ ਮਾਸਪੇਸ਼ੀਆਂ ਸੁਸਤ ਪੈ ਜਾਂਦੀਆਂ ਹਨ।

ਨੀਂਦ ਦੀ ਸਭ ਤੋਂ ਮਹੱਤਵਪੂਰਨ ਅਵਸਥਾ ਚੌਥੇ ਪਹਿਰ ਵਿਚ ਆਰੰਭ ਹੁੰਦੀ ਹੈ। ਉਦੋਂ ਗਰਾਫ 'ਤੇ ਪਹਾੜਾਂ ਦੀਆਂ ਲੜੀਆਂ ਆਦਿ ਦਾ ਦ੍ਰਿਸ਼ ਨਜ਼ਰ ਆਉਣ ਲੱਗਦਾ ਹੈ ਅਤੇ ਇਸ ਦਾ ਪੱਧਰ 3 ਹਰਟਜ਼.'ਤੇ ਪਹੁੰਚ ਜਾਂਦਾ ਹੈ। ਇਹ ਉਹ ਅਵਸਥਾ ਹੈ ਜਿਸ ਵਿਚ ਦਿਮਾਗ ਦੇ ਕਿਰਿਆਸ਼ੀਲ ਰਹਿਣ ਦੇ ਬਾਵਜੂਦ ਮਨੁੱਖ ਨੂੰ ਸਭ ਤੋਂ ਜ਼ਿਆਦਾ ਆਰਾਮ ਮਿਲਦਾ ਹੈ। ਇਸ ਨੂੰ "ਘੋੜੇ ਵੇਚ ਕੇ ਸੌਣ" ਵਾਲੀ ਨੀਂਦ ਵੀ ਕਿਹਾ ਜਾਂਦਾ ਹੈ ਅਤੇ ਇਸ ਅਵਸਥਾ ਵਿਚ ਵੱਧ ਸੁਪਨੇ ਆਉਂਦੇ ਹਨ।

# ਧੁਨੀ

ਆਓ ਬੱਚਿਓ ਧੁਨੀ ਦੇ ਪਾਠ ਬਾਬਤ ਜਾਣੀਏ
ਕੰਬਣ ਕਿਵੇ ਧੁਨੀ ਪੈਦਾ ਕਰਦਾ ਸਿਆਣੀਏ।

ਧੁਨੀ ਹੈ ਤਾਂ ਇੱਕ ਉਰਜਾ ਦਾ ਹੀ ਅੰਗ
ਆਯਾਮ (Amplitude),
ਆਵਿਰਤੀ (Frequency)
ਆਵਰਤ ਕਾਲ (Time Period) ਨਾਲ ਇਹਦਾ ਸੰਗ॥

ਹਰਟਜ਼ (Hertz) ਇਕਾਈ ਨਾਲ ਨਾਪੀ ਜਾਂਦੀ ਹੈ ਧੁਨੀ
ਮਾਧਿਅਮ ਤੋਂ ਬਿਨਾ ਨਾ ਹੁੰਦੀ ਸੰਚਾਰਤ ਤੇ ਨਾ ਜਾਂਦੀ ਸੁਣੀ। ।

20000 ਹਰਟਜ਼ ਤੋਂ ਵੱਧ ਆਵਿਰਤੀ ਵਾਲੀਆਂ ਪਰਾ ਧੁਨੀਆਂ (ultrasonic)
ਹੁੰਦੀਆਂ (inaudible) ਭਾਵ ਮਨੁੱਖ ਨੂੰ ਨਾ ਜਾਂਦੀਆ ਸੁਣੀਆਂ॥

20 ਹਰਟਜ਼ ਤੋਂ ਘੱਟ ਆਵਿਰਤੀ ਵਾਲੀ ਧੁਨੀ ਹੁੰਦੀ ਨੀਮ ਧੁਨੀ (infrasonic)
ਮਨੁੱਖ ਨੂੰ ਭਾਵੇ ਨਾ ਸਹੀ ਪਰ ਹਾਥੀ ਨੂੰ ਜਾਂਦੀ ਸੁਣੀ ॥

ਚੰਗੀ ਲੱਗਣ ਵਾਲੀ ਧੁਨੀ ਨੂੰ ਕਹਿੰਦੇ ਹਨ ਸੰਗੀਤ (music)
ਆਵਿਰਤੀ 80 ਡੈਸੀਬਲ (db) ਤੋਂ ਘੱਟ ਨਾਲ ਸਭ ਦੀ ਪ੍ਰੀਤ॥

ਆਵਿਰਤੀ 90 ਡੈਸੀਬਲ (db) ਤੋਂ ਵੱਧ ਨੂੰ ਕਹਿੰਦੇ ਸ਼ੋਰ ਜਾਂ ਰੌਲਾ (noise)
ਸੁਣਨ ਵਾਲੇ ਨੂੰ ਹੁੰਦੀ ਤਕਲੀਫ ਤੇ ਸਿਰ ਵੱਜਦਾ ਢੋਲਾ। ।

ਠੋਸ ਵਿੱਚ ਧੁਨੀ ਵੱਧ ਗਤੀ ਨਾਲ ਕਰਦੀ ਹੈ ਸੰਚਾਰ
ਐਸ.ਪੀ.ਵੀ ਸ਼ੋਰ ਪ੍ਰਦੂਸ਼ਣ ਖਿਲਾਫ਼ ਖੁੱਲ੍ਹ ਕੇ ਕਰੇ ਪ੍ਰਚਾਰ। ।

ਸੁਰਿੰਦਰਪਾਲ ਸਿੰਘ
ਐਮ.ਐਸ.ਸੀ (ਗਣਿਤ)
ਐਮ.ਏ (ਅੰਗ੍ਰੇਜੀ )
ਐਮ.ਏ (ਪੰਜਾਬੀ)
ਐਮ. ਏ (ਧਾਰਮਿਕ ਸਿੱਖਿਆ)
ਕਿੱਤਾ ਅਧਿਆਪਨ, ਸ੍ਰੀ ਅੰਮ੍ਰਿਤਸਰ ਸਾਹਿਬ।

# ਪੀਐੱਸਬੀ ਸੀਨੀਅਰਜ਼ ਕਲੱਬ ਨੇ 'ਮਲਟੀਕਲਚਰਲ ਡੇਅ ਸਮਾਗਮ' ਦੌਰਾਨ ਦੰਦਾਂ ਦੀ ਸੰਭਾਲ ਬਾਰੇ ਕੀਤਾ ਸੈਮੀਨਾਰ ਦਾ ਆਯੋਜਨ

## 'ਟੋਰਾਂਟੋ ਮਿਊਜ਼ਿਕਲ ਗਰੁੱਪ' ਵੱਲੋਂ ਮੈਂਬਰਾਂ ਵੱਲੋਂ ਮੈਂਬਰਾਂ ਦਾ ਕੀਤਾ ਗਿਆ ਮਨੋਰੰਜਨ



ਬਰੈਂਪਟਨ, (ਡਾ.ਝੰਡ):ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਬਰੈਂਪਟਨ ਵਿੱਚ ਸਰਗਰਮ ਸੰਸਥਾ ਪੀਐੱਸਬੀ ਸੀਨੀਅਰਜ਼ ਕਲੱਬ ਵੱਲੋਂ ਲੰਘੇ ਐਤਵਾਰ 8 ਦਸੰਬਰ ਨੂੰ 'ਗੋਰਮੀਡੋਜ਼ ਕਮਿਊਨਿਟੀ ਸੈਂਟਰ ਐਂਡ ਲਾਇਬ੍ਰੇਰੀ' ਦੇ ਹਾਲ ਨੰਬਰ 2 ਵਿਖੇ ਕੈਨੇਡਾ ਦੇ 'ਮਲਟੀਕਲਚਰਰਿਜ਼ਮ ਡੇਅ' ਮਨਾਉਣ ਸਮੇਂ ਦੰਦਾਂ ਦੀ ਸੰਭਾਲਬਾਰੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੇ ਮੁੱਖ-ਬੁਲਾਰੇ 'ਦੀਆ ਡੈਂਟਿਸਟਰੀ' ਦੇ ਮਾਲਕ ਤੇ ਸੰਚਾਲਕ ਡਾਕਟਰ ਵਿਪਨਪ੍ਰੀਤ ਸ਼ਰਮਾ ਸਨ। ਉਨ੍ਹਾਂ ਵੱਲੋਂ ਦੰਦਾਂ ਤੇ ਮਸੂੜਿਆਂ ਦੀਆਂ ਬੀਮਾਰੀਆਂ, ਇਨ੍ਹਾਂ ਨਾਲ ਸਬੰਧਿਤ ਮੁਸ਼ਕਲਾਂ ਅਤੇ ਫ਼ੈੱਡਰਲ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਨਵੇਂ ਸੀਡੀਸੀਪੀ ਪ੍ਰੋਗਰਾਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਆਪਣੇ ਸੰਬੋਧਨ ਵਿੱਚ ਡਾ.ਸ਼ਰਮਾ ਨੇ ਦੱਸਿਆ ਕਿ ਸੀਡੀਸੀਪੀ ਦਾ ਦੰਦਾਂ ਦੀ ਸੰਭਾਲ ਦੀ ਇਹ ਫ਼ੈੱਡਰਲ ਯੋਜਨਾ ਉਨਟਾਰੀਉ ਸੂਬੇ ਦੇ ਪਹਿਲਾਂ ਤੋਂ ਚੱਲ ਰਹੇ 'ਓਐੱਨਡੀਪੀ ਪ੍ਰੋਗਰਾਮ' ਤੋਂ ਵੱਖਰੀ ਹੈ ਅਤੇ ਇਸ ਦਾ ਘੇਰਾ ਵਧੇਰੇ ਵਿਸ਼ਾਲ ਹੈ। ਇਸ ਵਿਚ ਮਰੀਜ਼ ਆਪਣੇ ਦੰਦਾਂ ਦਾ ਇਲਾਜ ਹੋਰ ਵਧੇਰੇ ਡੈਂਟਿਸਟਾਂ ਕੋਲੋਂ ਕਰਵਾ ਸਕਦੇ ਹਨ, ਜਦਕਿ ਉਨਟਾਰੀਓ ਸੂਬੇ ਵਾਲੇ ਪ੍ਰੋਗਰਾਮ ਵਿਚ ਦੰਦਾਂ ਦੇ ਡਾਕਟਰਾਂ ਦੀ ਗਿਣਤੀ ਸੀਮਤ ਜਿਹੀ ਹੈ। ਇਸ ਵਿੱਚ ਦੰਦਾਂ ਦੀ ਸਫ਼ਾਈ ਤੋਂ ਲੈ ਕੇ ਦੰਦਾਂ-ਦਾੜ੍ਹਾਂ ਦੀਆਂ ਖੋੜਾਂ ਦੀ ਭਰਾਈ, ਆਰਸੀਟੀ (ਰੂਟ ਕੈਨਾਲ ਟਰੀਟਮੈਂਟ), ਖ਼ਰਾਬ ਦੰਦਾਂ ਨੂੰ ਕਢਵਾਉਣ, ਇਕੱਲਾ-ਦੁਕੱਲਾ ਦੰਦ ਅਤੇ ਪੂਰਾ ਡੈਂਚਰ ਲਗਵਾਉਣ, ਆਦਿ ਦੀ ਸਹੂਲਤ ਸ਼ਾਮਲ ਹੈ।

ਸਮਾਗਮ ਦਾ ਆਰੰਭ ਪੀਐੱਸਬੀ ਸੀਨੀਅਰਜ਼ ਕਲੱਬ ਦੇ ਸਰਪ੍ਰਸਤ ਗੁਰਚਰਨ ਸਿੰਘ ਖੱਖ ਵੱਲੋਂ ਆਏ ਸਮੂਹ ਮੈਂਬਰਾਂ ਤੇ ਮਹਿਮਾਨਾਂ ਦੇ ਰਸਮੀ ਸੁਆਗਤ ਨਾਲ ਹੋਇਆ। ਕੈਨੇਡਾ ਵਿਚ ਪ੍ਰਚੱਲਤ ਅਜੋਕੇ ਬਹੁ-ਸੱਭਿਆਚਾਰ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਕਿਹਾ ਕਿ ਕੈਨੇਡਾ ਬਹੁ-ਦੇਸ਼ੀ ਤੇ ਬਹੁ-ਭਾਸ਼ਾਈ ਦੇਸ਼ ਹੈ ਅਤੇ ਇੱਥੇ 160 ਦੇਸ਼ਾਂ ਤੋਂ ਵੀ ਵਧੇਰੇ ਆਏ ਹੋਏ ਇਮੀਗਰੈਂਟ ਰਲ਼-ਮਿਲ਼ ਕੇ ਰਹਿੰਦੇ ਹਨ। ਉਹ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ ਅਤੇ ਵੱਖ-ਵੱਖ ਦੇਸ਼ਾਂ ਤੋਂ ਇੱਥੇ ਆਏ ਲੋਕਾਂ ਦਾ ਬੇਸ਼ਕ ਆਪੋ-ਆਪਣਾ ਸੱਭਿਆਚਾਰ ਹੈ, ਫਿਰ ਵੀ ਉਹ ਇਕੱਠੇ ਮਿਲ਼ ਕੇ ਵਿਚਰਦੇ ਹਨ ਅਤੇ ਇਸ ਦੇ ਨਾਲ ਹੀ ਕੈਨੇਡਾ ਦੇ ਇੱਕ ਸਾਂਝੇ ਰਲ਼ਵੇ-ਮਿਲ਼ਵੇਂ ਸੱਭਿਆਚਾਰ ਨੂੰ ਜਨਮ ਦੇ ਰਹੇ ਹਨ ਜਿਸ ਨੂੰ ਇੱਥੇ 'ਮਲਟੀਕਲਚਰਿਜ਼ਮ' ਦਾ ਨਾਂ ਦਿੱਤਾ ਗਿਆ ਹੈ। ਉਪਰੰਤ, ਨਾਲ ਹੀ ਮੰਚ-ਸੰਚਾਲਕ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਉਨ੍ਹਾਂ ਵੱਲੋਂ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਮਹਿਮਾਨ ਡਾ। ਸੁਖਦੇਵ ਸਿੰਘ ਝੰਡ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਕੈਨੇਡਾ ਦੇ 'ਮਲਟੀਕਲਚਰਿਜ਼ਮ' ਦੀ ਵੱਖ-ਵੱਖ ਰੰਗਾਂ ਤੇ ਖ਼ੁਸ਼ਬੋਆਂ ਵਾਲੇ ਫੁੱਲਾਂ ਦੇ 'ਖ਼ੂਬਸੂਰਤ ਗੁਲਦਸਤੇ' ਨਾਲ ਤੁਲਨਾ ਕਰਦਿਆਂ ਕਿਹਾ ਕਿ ਇਹ ਇਸ ਦੇਸ਼ ਕੈਨੇਡਾ ਦੀ ਵਿਲੱਖਣਤਾ ਹੈ ਕਿ ਇੱਥੇ ਏਨੇ ਸਾਰੇ ਦੇਸ਼ਾਂ ਤੋਂ ਏਡੀ ਵੱਡੀ ਗਿਣਤੀ ਵਿਚ ਇਮੀਗਰੈਂਟ ਆਏ ਹਨ ਅਤੇ ਉਹ ਆਪੋ-ਆਪਣੇ ਦੇਸ਼ ਤੇ ਕੌਮ ਦਾ ਸੱਭਿਆਚਾਰ ਵੀ ਆਪਣੇ ਨਾਲ ਲਿਆਏ ਹਨ। ਹਰੇਕ ਦੇਸ਼ ਦੇ ਲੋਕਾਂ ਦਾ ਆਪੋ-ਆਪਣਾ ਪਹਿਰਾਵਾ ਹੈ, ਆਪਣੀ ਬੋਲੀ ਹੈ, ਆਪਣਾ ਖਾਣ-ਪੀਣ ਹੈ ਅਤੇ ਆਪਣੇ ਹੀ ਤਿਉਹਾਰ ਤੇ ਰੀਤੀ-ਰਿਵਾਜ ਹਨ। ਉਹ ਸਾਰੇ ਇੱਥੇ ਰਲ਼-ਮਿਲ ਕੇ ਕੈਨੇਡਾ-ਡੇਅ, ਹੈਲੋਵੀਨ, ਕ੍ਰਿਸਮਸ, ਲੋਹੜੀ, ਮਾਘੀ, ਦੁਸਹਿਰਾ, ਦੀਵਾਲੀ, ਰਾਮਨੌਮੀ, ਸ਼ਿਵਰਾਤਰੀ, ਈਦ, ਬਕਰੀਦ, ਆਦਿ ਤਿਉਹਾਰ ਮਨਾਉਂਦੇ ਹਨ। ਗਰਮੀਆਂ ਦੇ ਮੌਸਮ ਵਿਚ ਇੱਥੇ ਪਿਕਨਿਕਾਂ ਦਾ ਖ਼ੂਬ ਰੰਗ ਬੱਝਦਾ ਹੈ ਅਤੇ ਕੁੜੀਆਂ-ਚਿੜੀਆਂ, ਮੁਟਿਆਰਾਂ ਤੇ ਅੱਧ-ਵਰੇਸ ਔਰਤਾਂ ਰਲ਼ ਕੇ ਸਾਉਣ ਦੇ ਮਹੀਨੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ।

ਇਹ ਸਾਰਾ ਕੁੱਝ ਮਿਲ ਕੇ ਕੈਨੇਡਾ ਦੇ ਸਰਬ-ਸਾਂਝੇ ਬਹੁ-ਸੱਭਿਆਚਦਾਰ ਦੀ ਖ਼ੂਬਸੂਰਤ ਝਲਕ ਪੇਸ਼ ਕਰਦਾ ਹੈ ਅਤੇ ਇਸ ਖ਼ੂਬਸੂਰਤ 'ਗੁਲਦਸਤੇ' ਦੇ ਵੱਖ-ਵੱਖ ਰੰਗਾਂ ਤੇ ਖ਼ੁਸ਼ਬੋਆਂ ਨੂੰ ਬਾਖ਼ੂਬੀ ਪ੍ਰਗਟ ਕਰਦਾ ਹੈ। ਇਸ ਤੋਂ ਪਹਿਲਾਂ 'ਸਿਟੀ ਆਫ਼ ਬਰੈਂਪਟਨ ਰੀਕਰੀਏਸ਼ਨ ਪ੍ਰੋਗਰਾਮ ਫ਼ਾਰ ਸੀਨੀਅਰਜ਼' ਦੇ ਤਿੰਨ ਨੌਜੁਆਨ ਲੜਕੇ/ਲੜਕੀਆਂ ਸਿਮਰਨ ਟਿਵਾਣਾ, ਸਤਵਿੰਦਰ ਕੌਰ ਤੇ ਸਰਵਰੀ ਅਹਿਮਦ ਨੇ ਬਰੈਂਪਟਨ ਸਿਟੀ ਵੱਲੋਂ ਸੀਨੀਅਰਜ਼ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਬਹੁਤ ਵਧੀਆ ਜਾਣਕਾਰੀ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਦਿੱਤੀ। ਉਨ੍ਹਾਂ ਦੱਸਿਆ ਕਿ ਸਾਡੇ ਸੀਨੀਅਰਜ਼ ਬਰੈਂਪਟਨ ਸਿਟੀ ਤੋਂ ਸਰਦੀਆਂ ਦੇ ਇਨ੍ਹਾਂ ਦਿਨਾਂ ਵਿੱਚ ਆਪਣੇ ਘਰਾਂ ਤੋਂ ਬਰਫ਼ ਹਟਾਉਣ ਦੀ ਮੁਫ਼ਤ ਸਹੂਲਤ ਪ੍ਰਾਪਤ ਕਰ ਸਕਦੇ ਹਨ ਪਰ ਇਸ ਵਿਚ ਇਕ ਸ਼ਰਤ ਸ਼ਾਮਲ ਹੈ ਕਿ ਘਰਾਂ ਵਿਚ ਸੀਨੀਅਰਾਂ ਦਾ ਨਾਂ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ। ਉਹ ਬਰੈਂਪਟਨ ਦੇ ਕਮਿਊਨਿਟੀ ਸੈਂਟਰਾਂ ਵਿਚ ਉਪਲੱਭਧ ਸਹੂਲਤਾਂ, ਜਿਵੇਂ ਜਿੰਮ, ਸਵਿੰਮਿੰਗ ਪੂਲ, ਸਟੀਮ ਬਾਥ, ਆਦਿ ਸਹੂਲਤਾਂ ਬਹੁਤ ਹੀ ਘੱਟ ਰੇਟਾਂ 'ਤੇ ਪ੍ਰਾਪਤ ਕਰ ਸਕਦੇ ਹਨ, ਜਦਕਿ 70 ਸਾਲ ਤੋਂ ਉੱਪਰ ਵਾਲੇ ਸੀਨੀਅਰਾਂ ਲਈ ਇਨ੍ਹਾਂ ਸਹੂਲਤਾਂ ਲਈ ਕਮਿਊਨਿਟੀ ਸੈਂਟਰਾਂ ਵਿਚ ਰਜਿਸਟ੍ਰੇਸ਼ਨ ਫ਼ਰੀ ਹੈ। ਸੀਨੀਅਰਜ਼ ਆਪਣੇ ਸਮਾਗਮ ਵਗ਼ੈਰਾ ਕਰਨ ਲਈ ਕਮਿਊਨਿਟੀ ਸੈਂਟਰਾਂ ਵਿਚ ਬੁੱਕਿੰਗ ਘੱਟ ਰੇਟਾਂ 'ਤੇ ਕਰਵਾ ਸਕਦੇ ਹਨ। ਇਸ ਮੌਕੇ ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਦੇ ਮਨੋਰੰਜਨ ਲਈ ਬੁਲਾਏ ਗਏ 'ਟੋਰਾਂਟੋ ਮਿਊਜ਼ੀਕਲ ਗਰੁੱਪ' ਦੇ ਸੰਚਾਲਕ ਰਾਜੀਵ ਸੂਦ ਨੇ ਪੁਰਾਣੀਆਂ ਹਿੰਦੀ ਫ਼ਿਲਮਾਂ ਦੇ ਗਾਇਕਾਂ ਸਵਰਗੀ ਹੇਮੰਤ ਕੁਮਾਰ, ਮੰਨਾ ਡੇ, ਮੁਹੰਮਦ ਰਫ਼ੀ ਦੇ ਗਾਏ ਹੋਏ ਗੀਤ ਗਾ ਕੇ ਉਨ੍ਹਾਂ ਦਾ ਖ਼ੂਬ ਮਨੋਰੰਜਨ ਕੀਤਾ। ਪੀਐੱਸਬੀ ਸੀਨੀਅਰਜ਼ ਕਲੱਬ ਦੇ ਮੈਂਬਰ ਮਨਪ੍ਰੀਤ ਸਿੰਘ ਸ਼ੀਂਹ ਨੇ ਵੀ ਦੋ-ਤਿੰਨ ਗਾਣੇ ਗਾ ਕੇ ਉਨ੍ਹਾਂ ਨੂੰ ਵਿੱਚ-ਵਿਚਾਲੇ ਸਾਹ ਦਿਵਾਉਂਦਿਆਂ ਹੋਇਆਂ ਉਨ੍ਹਾਂ ਦਾ ਬਾਖ਼ੂਬੀ ਸਾਥ ਦਿੱਤਾ। ਉਪਰੰਤ, ਡੀ। ਜੇ। ਉੱਪਰ ਲੋਕ-ਬੋਲੀਆਂ ਤੇ ਭੰਗੜੇ ਵਾਲੇ ਗਾਣੇ ਲਗਾ ਕੇ ਕਲੱਬ ਦੇ ਔਰਤ ਤੇ ਮਰਦ ਮੈਂਬਰਾਂ ਵੱਲੋਂ ਖ਼ੂਬ ਗਿੱਧਾ ਤੇ ਭੰਗੜਾ ਪਾਇਆ ਗਿਆ ਅਤੇ ਸਾਰਿਆਂ ਦਾ ਖ਼ੂਬ ਮਨੋਰੰਜਨ ਹੋਇਆ। ਏਨੇ ਚਿਰ ਨੂੰ ਰੈਸਟੋਰੈਂਟ ਤੋਂ ਆਰਡਰ ਕੀਤਾ ਹੋਇਆ ਭੋਜਨ ਵੀ ਪਹੁੰਚ ਚੁੱਕਾ ਸੀ। ਫਿਰ ਸਾਰਿਆਂ ਨੇ ਮਿਲ਼ ਕੇ ਇਸ ਭੋਜਨ ਦਾ ਅਨੰਦ ਮਾਣਿਆਂ। ਇਹ ਸਮਾਗਮ ਕੈਨੇਡਾ ਸਰਕਾਰ ਦੀ 'ਨਿਊ ਹੌਰੀਜ਼ਨਜ਼ ਫ਼ਾਰ ਸੀਨੀਅਰਜ਼ ਪ੍ਰੋਗਰਾਮ' ਵੱਲੋਂ ਪ੍ਰਾਪਤ ਹੋਈ ਵਿੱਤੀ ਸਹਾਇਤਾ ਨਾਲ ਕਰਵਾਇਆ ਗਿਆ। ਸਮਾਗਮ ਦੇ ਅਖ਼ੀਰ ਵਿਚ ਕਲੱਬ ਦੇ ਪ੍ਰਧਾਨ ਹਰਚਰਨ ਸਿੰਘ ਤੇ ਮੀਤ-ਪ੍ਰਧਾਨ ਗਿਆਨਪਾਲ ਸਿੰਘ ਵੱਲੋਂ ਇਸ ਸਮਾਗਮ ਨੂੰ ਸਫ਼ਲ ਬਨਾਉਣ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਮੰਚ-ਸੰਚਾਲਕ ਗੁਰਚਰਨ ਸਿੰਘ ਖੱਖ ਵੱਲੋਂ ਵੀ ਸਾਰਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਕਲੱਬ ਦੇ ਫ਼ਰਵਰੀ ਮਹੀਨੇ ਵਿੱਚ ਹੋਣ ਵਾਲੇ ਅਗਲੇ ਪ੍ਰੋਗਰਾਮ ਬਾਰੇ ਦਿੱਤੀ ਗਈ ਜਾਣਕਾਰੀ ਨਾਲ ਇਸ ਸਮਾਗਮ ਦੀ ਸਮਾਪਤੀ ਹੋਈ।

## ਭਾਜਪਾ ਹਰ ਹੀਲੇ 2027 'ਚ ਪੰਜਾਬ 'ਤੇ ਆਪਣਾ ਪਰਚਮ ਲਹਿਰਾਉਣਾ ਚਾਹੁੰਦੀ!

# ....ਅਕਾਲੀ-ਭਾਜਪਾ ਗਠਜੋੜ ਦੀ ਹੋ ਰਹੀ ਹੈ ਤਿਆਰੀ...?



ਚੰਡੀਗੜ੍ਹ : ਜਿਵੇਂ ਹੀ ਅਕਾਲੀ ਆਗੂਆਂ ਦੀ ਧਾਰਮਿਕ ਸਜ਼ਾ ਖ਼ਤਮ ਹੋ ਰਹੀ ਐ, ਓਵੇਂ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਦੀ ਸੰਭਾਵਨਾ ਦੀਆਂ ਖ਼ਬਰਾਂ ਵੀ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ ਨੇ। ਅਕਾਲੀ ਆਗੂਆਂ ਵੱਲੋਂ ਤਾਂ ਭਾਵੇਂ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਪਰ ਭਾਜਪਾ ਇਸ ਮਾਮਲੇ ਵਿਚ ਜ਼ਿਆਦਾ ਹੀ ਫਿਕਰਮੰਦ ਦਿਖਾਈ ਦੇ ਰਹੀ ਐ। ਦਰਅਸਲ ਧਾਰਮਿਕ ਪ੍ਰਕਿਰਿਆ ਪੂਰੀ ਕਰਨ ਮਗਰੋਂ ਅਕਾਲੀ ਆਗੂ ਦਾਗ਼ ਮੁਕਤ ਹੋ ਜਾਣਗੇ ਅਤੇ ਭਾਜਪਾ ਲਈ ਵੀ ਗਠਜੋੜ ਦਾ ਰਾਹ ਸਾਫ਼ ਹੋ ਜਾਵੇਗਾ ਕਿਉਂਕਿ ਭਾਜਪਾ ਹਰ ਹੀਲੇ 2027 ਵਿਚ ਪੰਜਾਬ 'ਤੇ ਆਪਣਾ ਪਰਚਮ ਲਹਿਰਾਉਣਾ ਚਾਹੁੰਦੀ ਐ। ਸੋ ਆਓ ਤੁਹਾਨੂੰ ਦੱਸਦੇ ਆਂ, ਕਿਵੇਂ ਅੰਦਰਖ਼ਾਤੇ ਚੱਲ ਰਹੀ ਐ ਦੋਵੇਂ ਪਾਰਟੀਆਂ ਵਿਚਾਲੇ ਗਠਜੋੜ ਕੀਤੇ ਜਾਣ ਦੀ ਤਿਆਰੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇ ਬੀਤੇ ਦੋ ਦਸੰਬਰ ਨੂੰ ਅਕਾਲੀ ਆਗੂਆਂ ਨੂੰ ਧਾਰਮਿਕ ਸਜ਼ਾਵਾਂ ਸੁਣਾਉਣ ਦੇ ਨਾਲ ਨਾਲ ਸਾਰੇ ਬਿਖ਼ਰੇ ਅਕਾਲੀ ਆਗੂਆਂ ਨੂੰ ਇਕਜੁੱਟ ਹੋ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦਾ ਆਦੇਸ਼ ਦਿੱਤਾ ਸੀ ਪਰ ਅਕਾਲੀ ਆਗੂਆਂ 'ਤੇ ਇਸ ਗੱਲ ਦਾ ਹਾਲੇ ਤੱਕ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ। ਹਾਲਾਂਕਿ ਬਾਗ਼ੀ ਅਕਾਲੀਆਂ ਨੇ ਤਾਂ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਮੁਤਾਬਕ ਅਕਾਲੀ ਦਲ ਸੁਧਾਰ ਲਹਿਰ ਨੂੰ ਭੰਗ ਕਰ ਦਿੱਤਾ ਏ ਪਰ ਹਾਲੇ ਵੀ ਦੋਵੇਂ ਗੁੱਟਾਂ ਵਿਚਾਲੇ ਨਰਮੀ ਦਾ ਰੁਖ਼ ਦਿਖਾਈ ਨਹੀਂ ਦੇ ਰਿਹਾ। ਬਲਕਿ ਮੌਜੂਦਾ ਹਾਲਾਤ ਨੂੰ ਦੇਖਦਿਆਂ ਇੰਝ ਜਾਪਦਾ ਏ ਕਿ ਸਜ਼ਾ ਖ਼ਤਮ ਹੁੰਦੇ ਹੀ ਦੋਵੇਂ ਗੁੱਟਾਂ ਵਿਚਾਲੇ ਫਿਰ ਤੋਂ ਖੁੱਲ੍ਹ ਕੇ ਬਿਆਨਬਾਜ਼ੀਆਂ ਦਾ ਦੌਰ ਸ਼ੁਰੂ ਹੋ ਸਕਦਾ ਏ।

ਅਕਾਲੀ ਦਲ ਨਾਲੋਂ ਤਾਂ ਭਾਜਪਾ ਇਸ ਗੱਲ ਦੇ ਲਈ ਜ਼ਿਆਦਾ ਫ਼ਿਕਰਮੰਦ ਦਿਖਾਈ ਦੇ ਰਹੀ ਐ ਕਿ ਅਕਾਲੀ ਦਲ ਮਜ਼ਬੂਤ ਹੋਵੇ। ਦਰਅਸਲ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਗੁਨਾਹ ਕਬੂਲ ਲੈਣ ਅਤੇ ਸਜ਼ਾ ਭੁਗਤਣ ਮਗਰੋਂ ਅਕਾਲੀ ਆਗੂ ਦਾਗ਼ ਮੁਕਤ ਹੋ ਕੇ ਸਿਆਸਤ ਵਿਚ ਆਉਣ ਜਾ ਰਹੇ ਨੇ, ਜਿਸ ਕਰਕੇ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਦਾ ਰਾਹ ਵੀ ਸਾਫ਼ ਹੋ ਗਿਆ ਏ। ਭਾਵੇਂ ਕਿ ਕਿਸਾਨਾਂ ਦਾ ਮੁੱਦਾ ਹਾਲੇ ਵੀ ਬਰਕਰਾਰ ਐ ਪਰ 2027 ਦੀਆਂ ਚੋਣਾਂ ਤੱਕ ਤਾਂ ਉਸ ਦਾ ਵੀ ਕੋਈ ਨਾ ਕੋਈ ਹੱਲ ਨਿਕਲ ਹੀ ਜਾਵੇਗਾ। ਪਿਛਲੇ ਸਮੇਂ ਦੌਰਾਨ ਜੇਕਰ ਦੇਖਿਆ ਜਾਵੇ ਤਾਂ ਜਿੰਨਾ ਸ਼੍ਰੋਮਣੀ ਅਕਾਲੀ ਦਲ ਕਮਜ਼ੋਰ ਹੁੰਦਾ ਚਲਾ ਗਿਆ, ਓਨਾ ਹੀ ਭਾਜਪਾ ਵੱਲੋਂ ਹਰੇਕ ਮਜ਼ਬੂਤੀ ਦੇ ਨਾਲ ਲੜੀ ਗਈ,, ਚਾਹੇ ਉਮੀਦਵਾਰ ਇੱਧਰੋਂ ਉਧਰੋਂ ਹੀ ਲਏ ਗਏ। ਅਸਲ ਵਿਚ ਭਾਜਪਾ ਆਪਣੀ ਸਹਿਯੋਗੀ ਪਾਰਟੀ ਅਕਾਲੀ ਦਲ ਵੱਲੋਂ ਛੱਡੇ ਗਏ 'ਖਲਾਅ' ਨੂੰ ਭਰਨ ਦੀ ਕੋਸ਼ਿਸ਼ ਕਰ ਰਹੀ ਐ, ਜਿਸ ਵਿਚ ਉਸ ਨੂੰ ਜਿੱਤ ਤਾਂ ਭਾਵੇਂ ਹਾਸਲ ਨਹੀਂ ਹੋ ਸਕੀ ਪਰ ਉਸ ਦਾ ਵੋਟ ਬੈਂਕ ਪਹਿਲਾਂ ਨਾਲੋਂ ਜ਼ਰੂਰ ਵਧਿਆ ਏ। ਜ਼ਿਮਨੀ ਚੋਣਾਂ ਨਾ ਲੜਨਾ ਵੀ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਗ਼ਲਤੀ ਸੀ, ਜਿਸ ਵਿਚ ਅਕਾਲੀ ਦਲ ਨੇ ਦੂਜੀਆਂ ਪਾਰਟੀਆਂ ਨੂੰ 'ਜਿੱਤ' ਥਾਲੀ ਵਿਚ ਪਰੋਸ ਕੇ ਦਿੱਤੀ।

ਹੁਣ ਜਦੋਂ ਅਕਾਲੀ ਆਗੂਆਂ ਨੂੰ ਧਾਰਮਿਕ ਸਜ਼ਾ ਦੀ ਪ੍ਰਕਿਰਿਆ ਪੂਰੀ ਹੋ ਚੁੱਕੀ ਐ ਤਾਂ ਅਕਾਲੀ ਆਗੂ ਖੁੱਲ੍ਹ ਕੇ ਇਹ ਗੱਲ ਆਖ ਰਹੇ ਨੇ ਕਿ ਭਾਜਪਾ ਅਤੇ ਅਕਾਲੀ ਦਲ ਨੂੰ ਫਿਰ ਤੋਂ ਇਕਜੁੱਟ ਹੋਣਾ ਪਵੇਗਾ। ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੇ ਆਖਿਆ ਕਿ ਜੇਕਰ ਇਕੱਠੇ ਹੋਵਾਂਗੇ ਤਾਂ 2027 ਵਿਚ ਅਕਾਲੀ ਦਲ ਦੀ ਸਰਕਾਰ ਬਣ ਜਾਵੇਗੀ ਪਰ ਜੇਕਰ ਇਕੱਠੇ ਨਾ ਹੋਏ ਤਾਂ ਕੋਈ ਫ਼ਾਇਦਾ ਨਹੀਂ ਹੋਣਾ। ਉਨ੍ਹਾਂ ਇੱਥੋਂ ਤੱਕ ਆਖ ਦਿੱਤਾ ਕਿ ਅਕਾਲੀ ਦਲ ਅਤੇ ਭਾਜਪਾ ਨੂੰ ਹੁਣ ਇਕੱਠੇ ਹੋ ਜਾਣਾ ਚਾਹੀਦਾ ਏ। ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੇ ਬਿਆਨ ਤੋਂ ਸਾਫ਼ ਸੰਕੇਤ ਮਿਲ ਰਹੇ ਨੇ ਕਿ ਭਵਿੱਖ ਵਿਚ ਹੁਣ ਗਠਜੋੜ ਦਾ ਰਸਤਾ ਸਾਫ਼ ਹੋ ਗਿਆ ਏ। ਕੁੱਝ ਲੋਕਾਂ ਦਾ ਕਹਿਣਾ ਏ ਕਿ ਮਲੂਕਾ ਸਾਬ੍ਹ ਅੱਧੇ ਅਕਾਲੀ ਨੇ ਅਤੇ ਅੱਧੇ ਭਾਜਪਾਈ,,,ਕਿਉਂਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਨੂੰਹ ਰਾਣੀ ਪਰਮਪਾਲ ਕੌਰ ਭਾਜਪਾ ਉਮੀਦਵਾਰ ਵਜੋਂ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਦੇ ਖ਼ਿਲਾਫ਼ ਖੜ੍ਹੀ ਹੋਈ ਸੀ ਅਤੇ ਮਲੂਕਾ ਸਾਬ੍ਹ ਵੱਲੋਂ ਅਕਾਲੀ ਦਲ ਦੀ ਬਜਾਏ ਡਟ ਕੇ ਆਪਣੀ ਨੂੰਹ ਦੀ ਸੁਪੋਰਟ ਕੀਤੀ ਗਈ। ਇਸ ਸਭ ਦੇ ਬਾਵਜੂਦ ਅਕਾਲੀ ਦਲ ਨੇ ਮਲੂਕਾ ਸਾਬ੍ਹ 'ਤੇ ਕੋਈ ਕਾਰਵਾਈ ਨਹੀਂ ਕੀਤੀ। ਖ਼ੈਰ,,, ਇਹ ਸਭ ਸਿਆਸੀ ਗੱਲਾਂ ਆਮ ਲੋਕਾਂ ਦੀ ਸਮਝ ਤੋਂ ਬਾਹਰ ਨੇ। ਹੁਣ ਵੀ ਮਲੂਕਾ ਸਾਬ੍ਹ ਨੇ ਇਹ ਬਿਆਨ ਭਾਵੇਂ ਅਕਾਲੀ ਦਲ ਦੀ ਮਜ਼ਬੂਤੀ ਲਈ ਦਿੱਤਾ ਏ ਪਰ ਇਕੱਠੇ ਹੋਣ 'ਤੇ ਫ਼ਾਇਦਾ ਤਾਂ ਦੋਵੇਂ ਪਾਰਟੀਆਂ ਦਾ ਹੀ ਹੋਵੇਗਾ। ਉੱਝ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਕੁੱਝ ਦਿਨ ਪਹਿਲਾਂ ਟਵੀਟ ਕੀਤਾ ਸੀ ਕਿ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਐ। ਉਨ੍ਹਾਂ ਆਖਿਆ ਕਿ ਸੀ ਇਕ ਪੰਜਾਬੀ ਹੋਣ ਦੇ ਨਾਤੇ ਉਨ੍ਹਾਂ ਦਾ ਮੰਨਣਾ ਏ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲਈ ਓਨਾ ਹੀ ਮਹੱਤਵਪੂਰਨ ਐ, ਜਿੰਨਾ 1920 ਵਿਚ ਸੀ। ਉਨ੍ਹਾਂ ਇਹ ਵੀ ਆਖਿਆ ਸੀ ਕਿ ਪੰਥਕ ਪਾਰਟੀ ਦੀ ਰਾਖੀ ਕਰਨੀ ਜ਼ਰੂਰੀ ਐ।

# ਨਰਾਇਣ ਸਿੰਘ ਚੌੜਾ ਦਾ ਮੁੜ ਮਿਲਿਆ 3 ਦਿਨ ਦਾ ਰਿਮਾਂਡ



ਅੰਮ੍ਰਿਤਸਰ: ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਨਰਾਇਣ ਸਿੰਘ ਚੌੜਾ ਨੂੰ ਅੱਜ ਮੁੜ ਅਦਾਲਤ ਵਿਚ ਪੇਸ਼ ਕਰਕੇ 3 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ। ਦੱਸ ਦਈਏ ਕਿ ਪੁਲਿਸ ਨੇ ਨਾਰਾਇਣ ਸਿੰਘ ਚੌੜਾ ਦਾ 8 ਦਿਨਾਂ ਦਾ ਰਿਮਾਂਡ ਮੰਗਿਆ ਸੀ ਪਰ ਅਦਾਲਤ ਨੇ ਤਿੰਨ ਦਿਨਾਂ ਦਾ ਰਿਮਾਂਡ ਦਿੱਤਾ ਹੈ। ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲਿਸ ਨੇ ਕਿਹਾ ਕਿ ਮਾਨਯੋਗ ਅਦਾਲਤ ਨੇ ਦੋਵਾਂ ਧਿਰਾਂ ਦੀਆਂ ਅਪੀਲਾਂ 'ਤੇ ਦਲੀਲਾਂ ਸੁਣਨ ਤੋਂ ਬਾਅਦ ਤਿੰਨ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਹੈ।

ਪੁਲਿਸ ਵੱਲੋਂ ਅੱਜ ਫਿਰ ਅੱਠ ਦਿਨ ਦਾ ਪੁਲਿਸ ਰਿਮਾਂਡ ਮੰਗਿਆ ਗਿਆ ਸੀ, ਪਰ ਮਾਨਯੋਗ ਅਦਾਲਤ ਵੱਲੋਂ 3 ਦਿਨ ਦਾ ਪੁਲਿਸ ਰਿਮਾਂਡ ਦਿੱਤਾ ਗਿਆ ਹੈ। ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਤੋਂ ਬਾਅਦ ਨਰਾਇਣ ਸਿੰਘ ਚੌੜਾ ਨੂੰ ਪਹਿਲਾਂ ਵੀ ਦੋ ਵਾਰ ਅਦਾਲਤ 'ਚ ਪੇਸ਼ ਕੀਤਾ ਜਾ ਚੁੱਕਾ ਹੈ। ਇਸ ਦੌਰਾਨ ਪੁਲਿਸ ਨੇ ਦੋਨੋਂ ਵਾਰ 3 ਦਿਨ ਦਾ ਰਿਮਾਂਡ ਹਾਸਲ ਕੀਤਾ। ਇਸ ਵਾਰ ਵੀ ਮੁਲਜ਼ਮ ਨੂੰ ਸਖ਼ਤ ਸੁਰੱਖਿਆ ਹੇਠ ਪੇਸ਼ ਕੀਤਾ ਗਿਆ ਅਤੇ ਪੁਲਿਸ ਨੇ ਕਿਸੇ ਕਿਸਮ ਦੀ ਗਲਤੀ ਨਾ ਕਰਨ ਲਈ ਪੂਰੀ ਚੌਕਸੀ ਵਰਤੀ।











# ਨੌਜਵਾਨਾਂ 'ਚ ਕਿਉਂ ਵੱਧ ਰਹੇ ਹਨ ਸਟ੍ਰੋਕ ਦੇ ਮਾਮਲੇ ਇਨ੍ਹਾਂ ਲੱਛਣਾਂ ਦੀ ਪਛਾਣ ਕਰਕੇ ਬਚਾਈ ਜਾ ਸਕਦੀ ਹੈ ਜਾਨ



ਬਦਲਦੀ ਲਾਈਫਸਟਾਈਲ ਦੇ ਕਾਰਨ ਕੁਝ ਬਿਮਾਰੀਆਂ ਦਾ ਖਤਰਾ ਤੇਜ਼ੀ ਨਾਲ ਵਧ ਰਿਹਾ ਹੈ। ਇਨ੍ਹਾਂ 'ਚ ਸਟ੍ਰੋਕ ਵੀ ਸ਼ਾਮਲ ਹੈ। ਨੌਜਵਾਨਾਂ 'ਚ ਸਟ੍ਰੋਕ ਦੇ ਮਾਮਲੇ ਕਾਫੀ ਤੇਜ਼ੀ ਨਾਲ ਵਧ ਰਹੇ ਹਨ, ਜੋ ਇਕ ਗੰਭੀਰ ਚੁਣੌਤੀ ਬਣ ਕੇ ਸਾਹਮਣੇ ਆ ਰਹੇ ਹਨ। ਪਹਿਲਾ ਜਿੱਥੇ ਇਹ ਬਜ਼ੁਰਗਾਂ ਨੂੰ ਪ੍ਰਭਾਵਿਤ ਕਰਦਾ ਸੀ, ਹੁਣ ਨੌਜਵਾਨਾਂ ਨੂੰ ਵੀ ਆਪਣੀ ਲਪੇਟ 'ਚ ਲੈ ਰਿਹਾ ਹੈ। ਇਸ ਲਈ ਇਸਦੇ ਪਿੱਛੇ ਦੇ ਕਾਰਨ (Causes of stroke in Young People) ਤੇ ਲੱਛਣਾਂ (Stroke Symptoms; in Youth) ਨੂੰ ਸਮਝਣਾ ਜ਼ਰੂਰੀ ਹੈ, ਤਾਂ ਕਿ ਇਸ ਦੇ ਉਪਾਅ ਵੱਲ ਧਿਆਨ ਦਿੱਤਾ ਜਾ ਸਕੇ।

### ਕੀ ਹੈ ਸਟ੍ਰੋਕ?

ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਸਟ੍ਰੋਕ ਕੀ ਹੁੰਦਾ ਹੈ? ਸਟ੍ਰੋਕ ਇਕ ਅਜਿਹੀ ਕੰਡੀਸ਼ਨ ਹੈ, ਜਿਸ 'ਚ ਦਿਮਾਗ ਦੀ ਨਸ ਫਟ ਜਾਂਦੀ ਹੈ ਜਾਂ ਬਲੌਕ ਹੋ ਜਾਂਦੀ ਹੈ, ਜਿਸ ਕਰ ਕੇ ਹੀਮੋਰੇਜ਼ ਮਤਲਬ ਬਲੀਡਿੰਗ ਹੋਣ ਲੱਗਦੀ ਹੈ ਤੇ ਦਿਮਾਗ ਦੇ ਉਸ ਹਿੱਸੇ ਤੱਕ ਆਕਸੀਜਨ ਪਹੁੰਚਣੀ ਬੰਦ ਹੋ ਜਾਂਦੀ ਹੈ। ਜਿਸ ਕਰਕੇ ਉਸ ਹਿੱਸੇ ਦੇ ਸੈੱਲ ਮਰਨੇ ਸ਼ੁਰੂ ਹੋ ਜਾਂਦੇ ਹਨ ਅਤੇ ਬਾਡੀ ਫੰਕਸ਼ਨ ਪ੍ਰਭਾਵਿਤ ਹੋਣ ਲੱਗਦੇ ਹਨ। ਜੇਕਰ ਸਮੇਂ ਸਿਰ ਇਸਦਾ ਇਲਾਜ ਨਾ ਕੀਤਾ ਜਾਵੇ ਤਾਂ ਵਿਅਕਤੀ ਦੀ ਜਾਨ ਜਾਨ ਜਾਂ ਅਧਰੰਗ ਦਾ ਖਤਰਾ ਕਾਫੀ ਵਧ ਜਾਂਦਾ ਹੈ।

### ਸਟ੍ਰੋਕ ਦੇ ਕੀ ਕਾਰਨ ਹਨ?

ਸਟ੍ਰੋਕ ਵਧਣ ਦੇ ਮਾਮਲਿਆਂ ਦੇ ਪਿੱਛੇ ਲਾਈਫਸਟਾਈਲ ਤੇ ਕੁਝ ਹੈਲਥ ਕੰਡੀਸ਼ਨ ਜ਼ਿੰਮੇਵਾਰ ਹੋ ਸਕਦੇ ਹਨ।

### ਲਾਈਫਸਟਾਈਲ 'ਚ ਬਦਲਾਅ

**unhealthy diet–** ਫਾਸਟ ਫੂਡ, ਜੰਕ ਫੂਡ ਤੇ ਪ੍ਰੋਸੈਸਡ ਫੂਡ ਆਈਟਮਜ਼ ਨੂੰ ਜ਼ਿਆਦਾ ਮਾਤਰਾ 'ਚ ਖਾਣ ਨਾਲ ਕੋਲੈਸਟ੍ਰੋਲ ਤੇ ਬਲੱਡ ਸ਼ੂਗਰ ਦਾ ਲੈਵਲ ਵਧਦਾ ਹੈ, ਜਿਸ ਨਾਲ ਇਸ ਦਾ ਖਤਰਾ ਵਧ ਜਾਂਦਾ ਹੈ।

**ਫਿਜ਼ੀਕਲ ਐਕਟੀਵਿਟੀ ਦੀ ਕਮੀਂ –** ਬੈਠ ਕੇ ਕੰਮ ਕਰਨ ਦਾ ਵਧਦਾ ਚਲਨ ਤੇ ਕਸਰਤ ਦੀ ਕਮੀ ਮੋਟਾਪੇ ਨੂੰ ਵਧਾਉਂਦੀ ਹੈ, ਜੋ ਸਟ੍ਰੋਕ ਦਾ ਮੁੱਖ ਕਾਰਨ ਹੈ।

**ਤਣਾਅ–** ਲਗਾਤਾਰ ਤਣਾਅ ਦਿਲ ਦੀ ਗਤੀ ਤੇ ਬਲੱਡ ਪ੍ਰੈਸ਼ਰ ਨੂੰ ਵਧਾ ਸਕਦਾ ਹੈ, ਇਸ ਨਾਲ ਸਟ੍ਰੋਕ ਦਾ ਖਤਰਾ ਵਧ ਜਾਂਦਾ ਹੈ।

**Smoking and Dirnikng-** ਸਮੋਕ ਕਰਨਾ ਬਲੱਡ ਵੈਸਲਜ਼ ਨੂੰ ਨੁਕਸਾਨ ਪਹੁੰਚਦਾ ਹੈ ਤੇ ਸ਼ਰਾਬ ਪੀਣ ਨਾਲ ਦਿਲ ਕਮਜ਼ੋਰ ਹੁੰਦਾ ਹੈ। ਇਹ ਦੋਵੇਂ ਹੀ ਸਟ੍ਰੋਕ ਦੇ ਪ੍ਰਮੁੱਖ ਰਿਸਕ ਫੈਕਟਰ ਹਨ।

### ਸਿਹਤ ਸੰਬੰਧੀ ਸਮੱਸਿਆਵਾਂ

**ਹਾਈ ਬਲੱਡ ਪ੍ਰੈਸ਼ਰ–** ਬਲੱਡ ਪ੍ਰੈਸ਼ਰ ਵਧਣ ਨਾਲ ਬਲੱਡ ਵੈਸਲਜ਼ 'ਤੇ ਦਬਾਅ ਪੈਂਦਾ ਹੈ, ਜਿਸ ਨਾਲ ਉਨ੍ਹਾਂ 'ਚ ਖ਼ੂਨ ਦੇ ਧੱਬੇ ਜੰਮਣ ਦਾ ਖਤਰਾ ਵਧ ਜਾਂਦਾ ਹੈ।

**ਹਾਈ ਕੋਲੈਸਟ੍ਰੋਲ –** ਹਾਈ ਕੋਲੈਸਟ੍ਰੋਲ ਬਲੱਡ ਵੈਸਲਜ਼ 'ਚ ਪਲਾਕ ਜਮ੍ਹਾਂ ਕਰਦਾ ਹੈ, ਜਿਸ ਨਾਲ ਖ਼ੂਨ ਦੇ ਪ੍ਰਵਾਹ 'ਚ ਰੁਕਾਵਟ ਆਉਂਦੀ ਹੈ।

**ਡਾਈਬਿਟੀਜ਼–** ਡਾਈਬਿਟੀਜ਼ ਬਲੱਡ ਵੈਸਲਜ਼ ਨੂੰ ਨੁਕਸਾਨ ਪਹੁੰਚਾਉਂਦਾ ਹੈ ਤੇ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾਉਂਦਾ ਹੈ। ਜਿਸ ਨਾਲ ਸਟ੍ਰੋਕ ਦਾ ਖਤਰਾ ਵਧ ਜਾਂਦਾ ਹੈ।

**ਹਾਰਟ ਡਜ਼ੀਜ਼–** ਦਿਲ ਦੀ ਕਿਸੇ ਬਿਮਾਰੀ ਨਾਲ ਪੀੜਤ ਲੋਕਾਂ 'ਚ ਸਟ੍ਰੋਕ ਦਾ ਖਤਰਾ ਵਧ ਹੁੰਦਾ ਹੈ।

### ਹੋਰ ਕਾਰਨ

ਨਸ਼ੀਲੀਆਂ ਦਵਾਈਆਂ (ਡਰੱਗਜ਼) ਲੈਣਾ – ਕੁਝ ਨਸ਼ੀਲੀਆਂ ਦਵਾਈਆਂ ਲੈਣ ਨਾਲ ਦਿਲ ਦੀ ਗਤੀ ਤੇ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ, ਜਿਸ ਨਾਲ ਸਟ੍ਰੋਕ ਦਾ ਖਤਰਾ ਵਧ ਜਾਂਦਾ ਹੈ।

**ਸਲੀਪ ਐਪਨੀਆ–** ਸਲੀਪ ਐਪਨੀਆ ਇਕ ਅਜਿਹੀ ਸਥਿਤੀ ਹੈ ਜਿਸ ਵਿਚ ਨੀਂਦ ਦੌਰਾਨ ਸਾਹ ਲੈਣ ਵਿਚ ਰੁਕਾਵਟ ਆਉਂਦੀ ਹੈ, ਜਿਸ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ ਤੇ ਸਟ੍ਰੋਕ ਦਾ ਖ਼ਤਰਾ ਵਧ ਜਾਂਦਾ ਹੈ।



# ਸੌਣ ਤੋਂ ਪਹਿਲਾਂ ਦੁੱਧ 'ਚ ਖਜੂਰ ਮਿਲਾ ਕੇ ਪੀਣ ਨਾਲ ਹੋਣਗੇ 8 ਫਾਇਦੇ



ਦੁੱਧ ਅਤੇ ਖਜੂਰ ਦਾ ਮਿਸ਼ਰਣ ਸਦੀਆਂ ਤੋਂ ਸਿਹਤ ਲਈ ਅੰਮ੍ਰਿਤ ਮੰਨਿਆ ਜਾਂਦਾ ਰਿਹਾ ਹੈ। ਇਹ ਦੋਵੇਂ ਭੋਜਨ ਪਦਾਰਥ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ ਅਤੇ ਜਦੋਂ ਇਕੱਠੇ ਮਿਲਾਏ ਜਾਂਦੇ ਹਨ, ਤਾਂ ਇਹ ਸਰੀਰ ਨੂੰ ਬਹੁਤ ਸਾਰੇ ਲਾਭ ਪ੍ਰਦਾਨ ਕਰਦੇ ਹਨ। ਹਾਲਾਂਕਿ ਇਨ੍ਹਾਂ ਨੂੰ ਹਰ ਮੌਸਮ 'ਚ ਖਾਣਾ ਫਾਇਦੇਮੰਦ ਹੁੰਦਾ ਹੈ ਪਰ ਸਰਦੀਆਂ 'ਚ ਦੁੱਧ 'ਚ ਖਜੂਰ ਮਿਲਾ ਕੇ ਪੀਣਾ ਹੋਰ ਵੀ ਫਾਇਦੇਮੰਦ ਸਾਬਤ ਹੋ ਸਕਦਾ ਹੈ।

### ਦੁੱਧ ਤੇ ਖਜੂਰਾਂ ਦੇ ਪੌਸ਼ਟਿਕ ਤੱਤ

ਦੁੱਧ ਕੈਲਸ਼ੀਅਮ, ਪ੍ਰੋਟੀਨ, ਵਿਟਾਮਿਨ ਬੀ12 ਅਤੇ ਹੋਰ ਜ਼ਰੂਰੀ ਖਣਿਜਾਂ ਦਾ ਵਧੀਆ ਸਰੋਤ ਹੈ। ਇਹ ਹੱਡੀਆਂ ਨੂੰ ਮਜ਼ਬੂਤ ਕਰਨ, ਮਾਸਪੇਸ਼ੀਆਂ ਦੇ ਵਿਕਾਸ ਅਤੇ ਇਮਿਊਨ ਪਾਵਰ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

**ਖਜੂਰ–** ਫਾਈਬਰ, ਵਿਟਾਮਿਨ, ਖਣਿਜ ਅਤੇ ਕੁਦਰਤੀ ਸ਼ੂਗਰ ਨਾਲ ਭਰਪੂਰ ਹੁੰਦੇ ਹਨ। ਇਹ ਐਂਟੀਆਕਸੀਡੈਂਟਸ ਨਾਲ ਵੀ ਭਰਪੂਰ ਹੁੰਦੇ ਹਨ ਜੋ ਸਰੀਰ ਨੂੰ ਫ੍ਰੀ ਰੈਡੀਕਲਸ ਤੋਂ ਬਚਾਉਂਦੇ ਹਨ।

### ਦੁੱਧ ਵਿੱਚ ਖਜੂਰ ਮਿਲਾ ਕੇ ਪੀਣ ਦੇ ਫਾਇਦੇ ਹੁੰਦੇ ਹਨ

**ਹੱਡੀਆਂ ਨੂੰ ਮਜ਼ਬੂਤ ਕਰਦਾ ਹੈ–** ਦੁੱਧ 'ਚ ਮੌਜੂਦ ਕੈਲਸ਼ੀਅਮ ਅਤੇ ਖਜੂਰ 'ਚ ਮੌਜੂਦ ਮਿਨਰਲਸ ਇਕੱਠੇ ਹੱਡੀਆਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦੇ ਹਨ। ਇਹ ਬੱਚਿਆਂ, ਕਿਸ਼ੋਰਾਂ ਅਤੇ ਬਜ਼ੁਰਗਾਂ ਲਈ ਵਿਸ਼ੇਸ਼ ਤੌਰ 'ਤੇ ਫਾਇਦੇਮੰਦ ਹੈ।

**ਪਾਚਨ ਤੰਤਰ ਨੂੰ ਠੀਕ ਰੱਖਦਾ ਹੈ —** ਖਜੂਰ 'ਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਠੀਕ ਕਰਨ 'ਚ ਮਦਦ ਕਰਦਾ ਹੈ। ਇਹ ਕਬਜ਼, ਬਦਹਜ਼ਮੀ ਅਤੇ ਹੋਰ ਪਾਚਨ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ।

**ਐਨਰਜੀ ਲੈਵਲ ਵਧਾਉਂਦਾ ਹੈ–** ਖਜੂਰ 'ਚ ਕੁਦਰਤੀ ਸ਼ੂਗਰ ਹੁੰਦੀ ਹੈ, ਜੋ ਸਰੀਰ ਨੂੰ ਤੁਰੰਤ ਊਰਜਾ ਦਿੰਦੀ ਹੈ।

**ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ —** ਖਜੂਰ 'ਚ ਪੋਟਾਸ਼ੀਅਮ ਹੁੰਦਾ ਹੈ, ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਹ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦਾ ਹੈ।

**ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ–** ਦੁੱਧ ਅਤੇ ਖਜੂਰ ਦੋਵੇਂ ਹੀ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦੇ ਹਨ, ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ 'ਚ ਮਦਦ ਕਰਦੇ ਹਨ। ਇਹ ਸਰੀਰ ਨੂੰ ਇਨਫੈਕਸ਼ਨ ਤੋਂ ਬਚਾਉਣ 'ਚ ਮਦਦ ਕਰਦਾ ਹੈ।

**ਭਾਰ ਵਧਾਉਣ 'ਚ ਮਦਦਗਾਰ —** ਦੁੱਧ ਅਤੇ ਖਜੂਰ ਦੋਵੇਂ ਕੈਲੋਰੀ ਅਤੇ ਪੌਸ਼ਟਿਕ ਤੱਤ ਨਾਲ ਭਰਪੂਰ ਹੁੰਦੇ ਹਨ। ਇਹ ਭਾਰ ਵਧਾਉਣ ਵਿੱਚ ਮਦਦ ਕਰ ਸਕਦਾ ਹੈ।

**ਸਕਿਨ ਲਈ ਫਾਇਦੇਮੰਦ–** ਖਜੂਰ 'ਚ ਵਿਟਾਮਿਨ ਸੀ ਹੁੰਦਾ ਹੈ, ਜੋ ਸਕਿਨ ਨੂੰ ਸਿਹਤਮੰਦ ਅਤੇ ਚਮਕਦਾਰ ਬਣਾਉਣ 'ਚ ਮਦਦ ਕਰਦਾ ਹੈ।

### ਖਜੂਰ ਦੇ ਨਾਲ ਦੁੱਧ ਪੀਣ ਦਾ ਸਹੀ ਸਮਾਂ ਕੀ ਹੈ?

ਖਜੂਰ ਨੂੰ ਦੁੱਧ ਵਿੱਚ ਮਿਲਾ ਕੇ ਕਿਸੇ ਵੀ ਸਮੇਂ ਪੀਤਾ ਜਾ ਸਕਦਾ ਹੈ। ਹਾਲਾਂਕਿ, ਸੌਣ ਤੋਂ ਪਹਿਲਾਂ ਇਸਨੂੰ ਪੀਣਾ ਸਭ ਤੋਂ ਵਧੀਆ ਹੈ, ਕਿਉਂਕਿ ਇਹ ਨੀਂਦ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ।

### ਕਿਹੜੀਆਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ?

ਹਾਲਾਂਕਿ ਦੁੱਧ ਅਤੇ ਖਜੂਰ ਦੋਵੇਂ ਸਿਹਤਮੰਦ ਭੋਜਨ ਪਦਾਰਥ ਹਨ, ਪਰ ਕੁਝ ਲੋਕਾਂ ਨੂੰ ਇਨ੍ਹਾਂ ਤੋਂ ਐਲਰਜੀ ਹੋ ਸਕਦੀ ਹੈ। ਇਸ ਲਈ ਜੇਕਰ ਤੁਹਾਨੂੰ ਕਿਸੇ ਵੀ ਚੀਜ਼ ਤੋਂ ਐਲਰਜੀ ਹੈ ਤਾਂ ਦੁੱਧ ਅਤੇ ਖਜੂਰ ਖਾਣ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਲਓ।

ਸ਼ੂਗਰ ਦੇ ਰੋਗੀਆਂ ਨੂੰ ਡਾਕਟਰ ਦੀ ਸਲਾਹ ਤੋਂ ਬਿਨਾਂ ਦੁੱਧ ਅਤੇ ਖਜੂਰ ਨਹੀਂ ਖਾਣੀ ਚਾਹੀਦੀ ਕਿਉਂਕਿ ਖਜੂਰਾਂ ਵਿੱਚ ਕੁਦਰਤੀ ਸ਼ੂਗਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ।

# Coffee Lovers ਲਈ ਹੈ ਖ਼ੁਸ਼ਖਬਰੀ !

## ਰੋਜ਼ਾਨਾ ਪੀਣ ਨਾਲ ਵਧ ਸਕਦੀ ਹੈ 2 ਸਾਲ ਤੱਕ ਦੀ ਉਮਰ, ਕਈ ਬਿਮਾਰੀਆਂ ਵੀ ਰਹਿਣਗੀਆਂ ਦੂਰ

ਬਹੁਤ ਸਾਰੇ ਲੋਕ ਆਪਣੇ ਦਿਨ ਦੀ ਸ਼ੁਰੂਆਤ ਇੱਕ ਕੱਪ ਕੌਫੀ ਨਾਲ ਕਰਦੇ ਹਨ। ਜਦੋਂ ਵੀ ਗਰਮ ਕੌਫੀ ਦੀ ਚੁਸਕੀ ਮੂੰਹ ਵਿੱਚ ਜਾਂਦੀ ਹੈ ਤਾਂ ਇੰਜ ਲੱਗਦਾ ਹੈ ਜਿਵੇਂ ਸਰੀਰ ਵਿੱਚ ਨਵੀਂ ਜਾਨ ਆ ਗਈ ਹੋਵੇ। ਥਕਾਵਟ ਦੂਰ ਹੋ ਜਾਂਦੀ ਹੈ ਤੇ ਮਨ ਪੂਰੀ ਤਰ੍ਹਾਂ ਤਰੋਤਾਜ਼ਾ ਹੋ ਜਾਂਦਾ ਹੈ। ਤੁਹਾਨੂੰ ਦੱਸ ਦੇਈਏ ਕਿ ਕੌਫੀ ਸਿਰਫ ਇੱਕ ਡ੍ਰਿੰਕ ਹੀ ਨਹੀਂ ਹੈ, ਬਲਕਿ ਬਹੁਤ ਸਾਰੇ ਅਜਿਹੇ 'ਚ ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਮਨਪਸੰਦ ਕੌਫੀ ਨਾ ਸਿਰਫ ਸੁਆਦੀ ਹੈ ਸਗੋਂ ਤੁਹਾਡੀ ਉਮਰ ਵੀ ਵਧਾ ਸਕਦੀ ਹੈ। ਹਾਂ ਤੁਸੀਂ ਇਸ ਨੂੰ ਸਹੀ ਪੜ੍ਹਿਆ ! ਹਾਲ ਹੀ 'ਚ ਹੋਈ ਇਕ ਖੋਜ 'ਚ ਸਾਹਮਣੇ ਆਇਆ ਹੈ ਕਿ ਕੌਫੀ ਪੀਣ ਵਾਲੇ ਲੋਕ ਆਮ ਲੋਕਾਂ ਦੇ ਮੁਕਾਬਲੇ ਲਗਪਗ 2 ਸਾਲ ਜ਼ਿਆਦਾ ਜੀ ਸਕਦੇ ਹਨ। ਇਸ ਖੋਜ ਮੁਤਾਬਕ ਕੌਫੀ ਪੀਣ ਨਾਲ ਸਰੀਰ ਨੂੰ ਕਈ ਫਾਇਦੇ ਹੁੰਦੇ ਹਨ। ਇਹ ਨਾ ਸਿਰਫ਼ ਦਿਮਾਗ਼ ਨੂੰ ਤੇਜ਼ ਕਰਦੀ ਹੈ ਸਗੋਂ ਦਿਲ ਦੀਆਂ ਬਿਮਾਰੀਆਂ ਤੋਂ ਵੀ ਬਚਾਉਂਦੀ ਹੈ। ਆਉ ਅਸੀਂ ਤੁਹਾਨੂੰ ਇਸ ਲੇਖ ਵਿੱਚ ਇਸ ਅਧਿਐਨ ਬਾਰੇ ਵਿਸਥਾਰ ਵਿੱਚ ਦੱਸਦੇ ਹਾਂ।

ਇਕ ਨਵੀਂ ਖੋਜ ਮੁਤਾਬਕ ਕੌਫੀ 'ਚ 2000 ਤੋਂ ਜ਼ਿਆਦਾ ਤੱਤ ਪਾਏ ਜਾਂਦੇ ਹਨ ਜੋ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਇਹ ਤੱਤ ਦਿਲ ਦੀਆਂ ਬਿਮਾਰੀਆਂ ਅਤੇ ਕਈ ਭਿਆਨਕ ਬਿਮਾਰੀਆਂ ਤੋਂ ਬਚਾਅ ਕਰ ਸਕਦੇ ਹਨ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਵਧਦੀ ਉਮਰ ਦੀ ਆਬਾਦੀ ਨੂੰ ਧਿਆਨ ਵਿਚ ਰੱਖਦੇ ਹੋਏ, ਸਾਨੂੰ ਆਪਣੀ ਖੁਰਾਕ ਵਿਚ ਅਜਿਹੇ ਬਦਲਾਅ ਕਰਨੇ ਚਾਹੀਦੇ ਹਨ ਜੋ ਲੰਬੀ ਤੇ ਸਿਹਤਮੰਦ ਜ਼ਿੰਦਗੀ ਦੇਣ ਵਿਚ ਮਦਦ ਕਰਦੇ ਹਨ।



ਇੱਕ ਅਧਿਐਨ ਨੇ 85 ਵੱਖ-ਵੱਖ ਪਿਛਲੇ ਅਧਿਐਨਾਂ ਨੂੰ ਦੇਖਿਆ ਜਿਸ ਵਿੱਚ ਯੂਰਪ, ਅਮਰੀਕਾ, ਆਸਟ੍ਰੇਲੀਆ ਅਤੇ ਏਸ਼ੀਆ ਦੇ ਲੋਕ ਸ਼ਾਮਲ ਸਨ। ਇਸ ਅਧਿਐਨ ਤੋਂ ਪਤਾ ਲੱਗਾ ਹੈ ਕਿ ਰੋਜ਼ਾਨਾ ਕਰੀਬ ਤਿੰਨ ਕੱਪ ਕੌਫੀ ਪੀਣ ਨਾਲ ਆਮ ਆਦਮੀ ਦੀ ਉਮਰ ਡੇਢ ਸਾਲ ਤੱਕ ਵੱਧ ਸਕਦੀ ਹੈ। ਇਹ ਨਤੀਜੇ ਕੌਫੀ ਪੀਣ ਦੇ ਲਾਭਾਂ ਤੇ ਹੋਰ ਸਿਹਤ ਸੰਬੰਧੀ ਸਮੱਸਿਆਵਾਂ 'ਤੇ ਕੀਤੇ ਗਏ ਅਧਿਐਨਾਂ 'ਤੇ ਆਧਾਰਿਤ ਹਨ।

ਹਾਲ 'ਚ ਹੋਈ ਖੋਜ ਦਰਸਾਉਂਦੀ ਹੈ ਕਿ ਕੌਫੀ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਭਾਵੇਂ ਕਿ ਇਹ ਸਿਹਤਮੰਦ ਉਮਰ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਂਦੀ ਹੈ। ਨਿਯਮਤ ਤੌਰ 'ਤੇ ਕੌਫੀ ਪੀਣ ਨਾਲ ਦਿਲ ਦੀ ਬਿਮਾਰੀ, ਨਿਊਰੋਡੀਜਨਰੇਟਿਵ ਬਿਮਾਰੀਆਂ ਤੇ ਹੋਰ ਗੰਭੀਰ ਬਿਮਾਰੀਆਂ ਦੇ ਜੋਖਮ ਨੂੰ ਘੱਟ ਕੀਤਾ ਜਾ ਸਕਦਾ ਹੈ। ਕੌਫੀ ਵਿੱਚ ਮੌਜੂਦ ਐਂਟੀਆਕਸੀਡੈਂਟ ਤੇ ਹੋਰ ਪੌਸ਼ਟਿਕ ਤੱਤ ਸਰੀਰ ਨੂੰ ਕਈ ਤਰੀਕਿਆਂ ਨਾਲ ਲਾਭ ਪਹੁੰਚਾਉਂਦੇ ਹਨ ਤੇ ਇੱਕ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੇ ਹਨ।

### ਫਾਇਦਿਆਂ ਅਤੇ ਨੁਕਸਾਨਾਂ ਨੂੰ ਸਮਝਣਾ ਹੈ ਮਹੱਤਵਪੂਰਨ

ਕੌਫੀ ਵਿੱਚ ਮੌਜੂਦ 2000 ਤੋਂ ਵੱਧ ਬਾਇਓਐਕਟਿਵ ਐਂਜ਼ਾਈਮ, ਜਿਵੇਂ ਕਿ ਐਂਟੀਆਕਸੀਡੈਂਟ ਅਤੇ ਐਂਟੀ-ਇਨਫਲੇਮੇਟਰੀ ਐਂਜ਼ਾਈਮ, ਨਿਊਰੋਇਨਫਲੇਮੇਸ਼ਨ ਨੂੰ ਘਟਾ ਕੇ ਅਤੇ ਇਨਸੁਲਿਨ ਸੰਵੇਦਨਸ਼ੀਲਤਾ ਵਿੱਚ ਸੁਧਾਰ ਕਰਕੇ ਬਹੁਤ ਸਾਰੇ ਸਿਹਤ ਲਾਭ ਪ੍ਰਦਾਨ ਕਰਦੇ ਹਨ। ਕੌਫੀ ਦੇ ਐਂਟੀ-ਏਜਿੰਗ ਗੁਣ ਸੈੱਲਾਂ ਨੂੰ ਆਕਸੀਡੇਟਿਵ ਤਣਾਅ ਤੋਂ ਬਚਾਉਂਦੇ ਹਨ। ਇਸ ਤੋਂ ਇਲਾਵਾ ਕੌਫੀ ਲਿਵਰ ਦੇ ਕੰਮ ਨੂੰ ਸੁਧਾਰਦੀ ਹੈ। ਹਾਲਾਂਕਿ ਕੌਫੀ ਦੇ ਜ਼ਿਆਦਾ ਸੇਵਨ ਨਾਲ ਦਿਲ ਦੀ ਗਤੀ ਵਧਣ, ਨੀਂਦ ਦੀ ਕਮੀ ਅਤੇ ਕੈਫੀਨ ਕਾਰਨ ਤਣਾਅ ਵਰਗੀਆਂ ਸਮੱਸਿਆਵਾਂ ਵਧ ਸਕਦੀਆਂ ਹਨ।

ਇਸ ਲਈ ਅਗਲੀ ਵਾਰ ਜਦੋਂ ਤੁਸੀਂ ਕੌਫੀ ਦਾ ਆਨੰਦ ਮਾਣਦੇ ਹੋ ਤਾਂ ਯਾਦ ਰੱਖੋ ਕਿ ਤੁਸੀਂ ਸਿਰਫ਼ ਸਵਾਦ ਹੀ ਨਹੀਂ ਵਧਾ ਰਹੇ ਹੋ, ਸਗੋਂ ਤੁਹਾਡੀ ਉਮਰ ਵੀ ਵਧਾ ਰਹੇ ਹੋ !












# ਰਾਸ਼ੀਫਲ

**ਮੇਖ** : ਸਿਹਤ ਨਾਲ ਜੁੜੀ ਪਰੇਸ਼ਾਨੀਆਂ ਅਸਹਿਜਤਾ ਦਾ ਕਾਰਨ ਬਣ ਸਕਦੀ ਹੈ। ਤੁਸੀ ਚੰਗਾ ਪੈਸਾ ਬਣਾ ਸਕਦੇ ਹੋ ਪਰ ਸ਼ਰਤ ਏ ਤੁਸੀ ਪਰੰਪਰਿਕ ਤੋਰ ਤੇ ਨਿਵੇਸ਼ ਕਰੋ। ਤੁਸੀ ਮਾਤਾ ਪਿਤਾ ਨੂੰ ਖੁਸ਼ ਕਰਨ ਵਿਚ ਮੁਸ਼ਕਿਲ ਮਹਿਸੂਸ ਕਰੋਂਗੇ ਉਨਾਂ ਨੂੰ ਸਮਝਣ ਅਤੇ ਉਨਾਂ ਦੇ ਨਜ਼ਰੀਏ ਤੋਂ ਦੇਖਣ ਦੀ ਕੋਸ਼ਿਸ਼ ਕਰੋ ਤੁਹਾਨੂੰ ਸਾਕਾਰਤਮਕ ਨਤੀਜਾ ਮਿਲੇਗਾ ਉਨਾਂ ਨੂੰ ਤੁਹਾਡੀ ਪਰਵਾਹ ਪਿਆਰ ਅਤੇ ਸਮੇਂ ਦੀ ਲੋੜ ਹੈ। ਪਿਆਰ ਤੋਂ ਬਗੈਰ ਆਪਣੇ ਸਮੇਂ ਨੂੰ ਮਾਰਨਾ ਮੁਸ਼ਕਿਲ ਹੈ। ਰਿਟੇਲ ਅਤੇ ਥੋਕ ਵਪਾਰੀਆਂ ਦੇ ਲਈ ਚੰਗਾ ਦਿਨ ਹੈ। ਤੁਸੀ ਆਪਣੇ ਬੱਚਿਆਂ ਨੂੰ ਸਮੇਂ ਦੀ ਪ੍ਰਬੰਧਨ ਅਤੇ ਸਮੇਂ ਨੂੰ ਸਭ ਤੋਂ ਵਧੀਆ ਢੰਗ ਨਾਲ ਵਰਤਣ ਦੀ ਸਲਾਹ ਦੇ ਸਕਦੇ ਹੋ। ਅਸਜਤਾ ਦੀ ਵਜਾਹ ਨਾਲ ਤੁਸੀ ਵਿਆਹੁਤਾ ਜੀਵਨ ਵਿਚ ਖੁਦ ਨੂੰ ਫਸਿਆ ਹੋਇਆ ਮਹਿਸੂਸ ਕਰ ਸਕਦੇ ਹੋ ਤੁਹਾਨੂੰ ਲੋੜ ਹੈ ਜੀਵਨ ਸਾਥੀ ਨਾਲ ਗੱਲ ਬਾਤ ਦੀ।

**ਬ੍ਰਿਸ਼ਭ** : ਤੁਹਾਡਾ ਤਲਖ ਵਿਵਹਾਰ ਜੀਵਨਸਾਥੀ ਦੇ ਸਾਥ ਤੁਹਾਡੇ ਸਬੰਧਾਂ ਵਿਚ ਤਨਾਵ ਪੈਦਾ ਕਰ ਸਕਦਾ ਹੈ ਕੋਈ ਵੀ ਅਜਿਹਾ ਕੰਮ ਕਰਨ ਤੋਂ ਪਹਿਲਾਂ ਇਸ ਦੇ ਪਰਿਣਾਮਾਂ ਬਾਰੇ ਸੋਚ ਲੋ। ਜੇਕਰ ਸੰਭਵ ਹੋਵੇ ਤਾਂ ਆਪਣਾ ਮੂਡ ਬਦਲਣ ਲਈ ਕਿਤੇ ਹੋਰ ਜਾਵੋ। ਨਾਉਮੀਦ ਲਾਭ ਅਤੇ ਸੱਟੇਬਾਜ਼ੀ ਦੀ ਜ਼ਰੀਏ ਆਰਥਿਕ ਹਾਲਾਤ ਵਧਣਗੇ। ਰਿਸ਼ਤੇਦਾਰਾਂ ਦੇ ਜਾਣਾ ਉਸ ਤੋਂ ਕਾਫੀ ਵਧੀਆ ਰਹੇਗਾ ਜਿੰਨਾਂ ਤੁਸੀ ਸੋਚ ਸਕਦੇ ਹੋ। ਪਿਆਰ ਬੇਹਦ ਹੈ ਪਿਆਰ ਅਸੀਮਤ ਹੈ ਇਹ ਤੁਸੀ ਪਹਿਲਾਂ ਸੁਣਿਆਂ ਹੋਵੇਗਾ ਪਰੰਤੂ ਅੱਜ ਤੁਸੀ ਇਸ ਨੂੰ ਅਨੁਭਵ ਕਰੋਂਗੇ। ਕੰਮਕਾਰ ਵਿਚ ਤੁਸੀ ਖੁਦ ਨੂੰ ਖਾਸ ਮਹਿਸੂਸ ਕਰੋਂਗੇ। ਪੈਸੇ, ਪਿਆਰ, ਪਰਿਵਾਰ ਤੋਂ ਦੂਰ ਹੋ ਕੇ ਅੱਜ ਤੁਸੀ ਆਨੰਦ ਦੀ ਤਲਾਸ਼ ਵਿਚ ਕਿਸੇ ਆਧਿਆਤਮਕ ਗੁਰੂ ਨੂੰ ਮਿਲਣ ਲਈ ਜਾ ਸਕਦੇ ਹੋ। ਅੱਜ ਤੁਸੀਂ ਜਾਣੋਗੇ ਕਿ ਤੁਸੀਂ ਆਪਣੇ ਜੀਵਨਸਾਥੀ ਦੇ ਨਾਲ ਕਿਵੇਂ ਮਹਿਸੂਸ ਕਰੋਂਗੇ ਹਾਂ, ਤੁਹਾਡਾ ਜੀਵਨਸਾਥੀ ਇਕ ਹੈ।



**ਮਿਥੁਨ** : ਸਿਹਤ ਨਾਲ ਜੁੜੀ ਪਰੇਸ਼ਾਨੀਆਂ ਅਸਹਿਜਤਾ ਦਾ ਕਾਰਨ ਬਣ ਸਕਦੀ ਹੈ। ਅਚਾਨਕ ਆਏ ਖਰਚੇ ਆਰਥਿਕ ਬੋਝ ਵਧਾ ਸਕਦੇ ਹਨ ਘਰੇੱਲੂ ਮੋਰਚੇ ਤੇ ਮੁਸ਼ਕਿਲ ਖੜੀ ਹੋ ਸਕਦੀ ਹੈ ਇਸ ਲਈ ਧਿਆਨ ਰੱਖੋ ਕਿ ਤੁਸੀ ਕੀ ਕਹਿੰਦੇ ਹੋ। ਗੁਪਤ ਸੰਬੰਧ ਤੁਹਾਡੀ ਪ੍ਰਤਿਸ਼ਠਾ ਨੂੰ ਖਰਾਬ ਕਰ ਸਕਦੇ ਹਨ। ਪੇਸ਼ੇਵਰ ਤੌਰ ਤੇ ਆਪਣੇ ਚੰਗੇ ਕੰਮ ਦੀ ਪਹਿਚਾਣ ਤੁਹਾਨੂੰ ਮਿਲ ਸਕਦੀ ਹੈ। ਖੁਸ਼ਹਾਲੀ ਲਈ ਯਾਤਰਾ ਸੰਤੁਸ਼ਟੀ ਪੂਰਵਕ ਹੋਵੇਗੀ। ਤੁਹਾਡੇ ਜੀਵਨ ਸਾਥੀ ਦੀ ਸਿਹਤ ਥੋੜੀ ਜਿਹੀ ਖਰਾਬ ਹੋ ਸਕਦੀ ਹੈ।

**ਕਰਕ** : ਅੱਜ ਸਵਾਰਥੀ ਆਦਮੀ ਤੋਂ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਜੋ ਲੋਕ ਟੈਕਸ ਦੀ ਚੋਰੀ ਕਰਦੇ ਹਨ ਅੱਜ ਉਹ ਵੱਡੀ ਮੁਸ਼ਕਿਲ ਵਿਚ ਪੈ ਸਕਦੇ ਹਨ ਇਸ ਲਈ ਤੁਹਾਨੂੰ ਇਹ ਲਾਹ ਦਿੱਤੀ ਜਾਂਦੀ ਹੈ ਕਿ ਟੈਕਸ ਦੀ ਚੋਰੀ ਨਾ ਕਰੋ। ਇਕ ਚਿੱਠੀ ਪੂਰੇ ਪਰਿਵਾਰ ਦੇ ਲਈ ਚੰਗੀ ਖਬਰ ਲਿਆਵੇਗਾ। ਅੱਜ ਕੋਈ ਚੰਗੀ ਖਬਰ ਜਾਂ ਜੀਵਨਸਾਥੀ ਪਿਆਰ ਤੋਂ ਮਿਲਿਆ ਕੋਈ ਸੰਦੇਸ਼ ਤੁਹਾਡੇ ਉਤਸ਼ਾਹ ਨੂੰ ਦੁੱਗਣਾ ਕਰ ਸਕਦਾ ਹੈ। ਕੰਮਕਾਰ ਵਿਚ ਹਾਲਾਤ ਤੁਹਾਡੇ ਪੱਖ ਵਿਚ ਭੁਗਤਦੇ ਮਾਲੂਮ ਹੋਣਗੇ। ਆਪਣੇ ਆਤਮਵਿਸ਼ਵਾਸ਼ ਦਾ ਜ਼ਬਰਦਸਤ ਲਾਭ ਉਠਾਉ, ਬਾਹਰ ਨਿਕਲੋ ਅਤੇ ਕੁਝ ਨਵੇਂ ਸੰਪਰਕ ਅਤੇ ਦੋਸਤ ਬਣਾਉ। ਅੱਜ ਤੁਸੀ ਅਤੇ ਤੁਹਾਡਾ ਜੀਵਨਸਾਥੀ ਸੱਚਮੁਚ ਡੂੰਘੇ ਆਤਮਿਕ ਰੋਮਾਂਟਿਕ ਪਲਾਂ ਨਾਲ ਗੱਲ ਕਰੋਂਗੇ।

**ਸਿੰਘ** : ਨਿਯਮਤ ਕਸਰਤ ਦੇ ਦੁਆਰਾ ਆਪਣੇ ਵਜ਼ਨ ਨੂੰ ਕਾਬੂ ਵਿਚ ਰੱਖਣ ਦੀ ਲੋੜ ਹੈ ਤਲੀ ਅਤੇ ਭੁੰਨੀ ਹੋਈ ਵਸਤਾਂ ਤੋ ਪਰਹੇਜ਼ ਕਰੋ। ਜੋ ਲੋਕ ਲੰਬੇ ਸਮੇਂ ਤੋਂ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ ਅੱਜ ਉਨਾਂ ਨੂੰ ਕਿਸੇ ਤੋਂ ਧੰਨ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਜੀਵਨ ਦੀਆਂ ਮੁਸ਼ਕਿਲਾ ਦੂਰ ਹੋ ਸਕਦੀਆਂ ਹਨ। ਗਲਤ ਵਿਵਹਾਰ ਦੇ ਬਾਵਜੂਦ ਤੁਹਾਨੂੰ ਜੀਵਨਸਾਥੀ ਦਾ ਸਹਿਯੋਗ ਮਿਲੇਗਾ। ਆਪਣੇ ਜ਼ਨੂੰਨ ਨੂੰ ਕਾਬੂ ਵਿਚ ਰੱਖੋ ਨਹੀਂ ਤਾਂ ਇਹ ਤੁਹਾਡੇ ਪਿਆਰ ਸੰਬੰਧ ਨੂੰ ਮੁਸ਼ਕਿਲ ਵਿਚ ਪਾ ਸਕਦਾ ਹੈ। ਨਵੇਂ ਪਰੋਜੈਕਟ ਅਤੇ ਖਰਚਿਆਂ ਨੂੰ ਰੋਕ ਦਿਉ। ਅੱਜ ਤੁਹਾਡੇ ਆਪਣੇ ਸੋਰਿਆਂ ਤੋਂ ਕੋਈ ਮਾੜੀ ਖਬਰ ਆ ਸਕਦੀ ਹੈ ਜਿਸ ਕਾਰਨ ਤੁਸੀ ਉਦਾਸ ਹੋ ਸਕਦੇ ਹੋਂ ਨਤੀਜੇ ਵੱਜੋਂ ਤੁਸੀ ਕਾਫੀ ਸਮਾਂ ਸੋਚ ਵਿਚਾਰ ਗਵਾ ਸਕਦੇ ਹੋ। ਤੁਹਾਡਾ ਜੀਵਨਸਾਥੀ ਤੁਹਾਡੀ ਲੋੜਾਂ ਨੂੰ ਅਣਦੇਖਿਆ ਕਰ ਸਕਦਾ ਹੈ ਜਿਸ ਦੇ ਚਲਦੇ ਤੁਸੀ ਚਿੜਚਿੜੇ ਹੋ ਸਕਦੇ ਹੋ।

**ਕੰਨਿਆ**: ਬਹੁਤ ਜ਼ਿਆਦਾ ਚਿੰਤਾ ਕਰਨਾ ਮਾਨਸਿਕ ਸ਼ਾਤੀ ਨੂੰ ਬਰਬਾਦ ਕਰ ਸਕਦਾ ਹੈ ਇਸ ਤੋਂ ਬਚੋ ਕਿਉਂ ਕਿ ਥੋੜੀ ਜਿਹੀ ਚਿੰਤਾ ਅਤੇ ਮਾਨਸਿਕ ਤਣਾਅ ਸਰੀਰ ਤੇ ਖਰਾਬ ਅਸਰ ਪਾ ਸਕਦਾ ਹੈ। ਨਿਸ਼ਚਿਤ ਤੋਰ ਤੇ ਆਰਥਿਕ ਸਥਿਤੀ ਵਿਚ ਸੁਧਾਰ ਆਵੇਗਾ ਪਰੰਤੂ ਨਾਲ ਹੀ ਖਰਚਿਆਂ ਵਿਚ ਵੀ ਵਾਧਾ ਹੋਵੇਗਾ। ਆਪਣੀ ਪਤਨੀ ਦੀਆਂ ਉਪਲਬਧੀਆਂ ਦੀ ਸਲਹਾਨਾ ਕਰੋ ਅਤੇ ਉਸ ਦਾ ਸਫਲਤਾ ਅਤੇ ਖੁਸ਼ਕਿਸਮਤੀ ਦਾ ਜਸ਼ਨ ਮਨਾਉ ਆਪਣੀ ਸਲਾਘਾ ਵਿਚ ਖੁੱਲੇ ਅਤੇ ਸੁਹਿਰਦ ਬਣੋ। ਅੱਜ ਇਹ ਹੋ ਸਕਦਾ ਹੈ ਕਿ ਪਹਿਲੀ ਨਜ਼ਰ ਵਿਚ ਹੀ ਤੁਹਾਨੂੰ ਕੋਈ ਪਸੰਦ ਕਰ ਲਵੇ। ਤੁਹਾਡੇ ਆਤਮਵਿਸ਼ਵਾਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਤਰੱਕੀ ਸਾਫ ਨਜ਼ਰ ਆ ਰਹੀ ਹੈ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਲਈ ਸਮਾਂ ਕੱਢਣ ਦੀ ਸਖਤ ਲੋੜ ਹੈ ਇਸ ਕੰਮ ਨਾਲ ਉਨਾਂ ਦਾ ਮਾਨਸਿਕ ਤਣਾਅ ਵੱਧ ਸਕਦਾ ਹੈ। ਥੋੜੀ ਜਿਹੀ ਕੋਸ਼ਿਸ਼ ਕਰੋ ਕਿ ਇਹ ਦਿਨ ਤੁਹਾਡੇ ਵਿਵਾਹਿਕ ਜੀਵਨ ਵਿਚ ਸਭ ਤੋਂ ਵਿਸ਼ੇਸ਼ ਦਿਨਾਂ ਵਿਚੋਂ ਇਕ ਹੋ ਸਕਦਾ ਹੈ।

**ਤੁਲਾ**: ਤੁਸੀ ਖੁਦ ਨੂੰ ਬਿਮਾਰ ਮਹਿਸੂਸ ਕਰ ਸਕਦੇ ਹੋ ਮਾਲੂਮ ਹੁੰਦਾ ਹੈ ਕਿ ਪਿੱਛਲੇ ਕੁਝ ਦਿਨਾਂ ਤੋ ਬੇਝਿੱਜ ਕੰਮਕਾਜ ਨੇ ਤੁਹਾਨੂੰ ਥਕਾ ਦਿੱਤਾ ਹੈ। ਰਿਅਲ ਅਸਟੇਟ ਅਤੇ ਆਰਥਿਕ ਲੈਣ ਦੇਣ ਦੇ ਲਈ ਚੰਗਾ ਦਿਨ ਹੈ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੋਕਾ ਨਾ ਦਿਉ। ਤੁਹਾਡਾ ਸਾਹਸ ਤੁਹਾਨੂੰ ਪਿਆਰ ਪਾਉਣ ਵਿਚ ਸਫਲ ਰਹੇਗਾ। ਨਵੀਂ ਸਾਂਝੀਦਾਰੀ ਅੱਜ ਦੇ ਦਿਨ ਲਾਭਦਾਇਕ ਰਹੇਗੀ। ਤੁਹਾਨੂੰ ਆਪਣੇ ਦਾਇਰੇ ਤੋਂ ਬਾਹਰ ਨਿਕਲਕੇ ਅਤੇ ਕੂਹਣੀਆਂ ਰਗੜ ਕੇ ਉੱਚੇ ਸਥਾਨਾਂ ਤੇ ਲੋਕਾਂ ਨਾਲ ਮਿਲਣ ਜੁਲਣ ਦੀ ਲੋੜ ਹੈ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਜੀਵਨਸਾਥੀ ਇਸ ਤੋਂ ਪਹਿਲਾਂ ਖੂਬਸੂਰਤ ਕਦੇ ਨਹੀਂ ਹੋਇਆ।

**ਬ੍ਰਿਸ਼ਚਕ** : ਕੁਝ ਅਜਿਹੀਆਂ ਘਟਨਾਵਾਂ ਤੁਹਾਡੀ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ ਜਿਨਾਂ ਨੂੰ ਟਾਲਣਾ ਸੰਭਵ ਨਹੀਂ ਪਰੰਤੂ ਆਪਣੇ ਆਪ ਨੂੰ ਸ਼ਾਤ ਬਣਾਉ ਅਤੇ ਹਾਲਾਤ ਨਾਲ ਨਜਿੱਠਣ ਲਈ ਤੁਰੰਤ ਪ੍ਰਕਿਰਿਆ ਨਾ ਕਰੋ। ਕਈਂ ਵੱਡੀਆਂ ਯੋਜਨਾਵਾਂ ਅਤੇ ਵਿਚਾਰਾਂ ਦੇ ਜ਼ਰੀਏ ਤੁਹਾਡਾ ਧਿਆਨ ਆਕਰਸ਼ਿਤ ਕਰ ਸਕਦਾ ਹੈ ਕਿਸੇ ਵੀ ਤਰਾਂ ਦਾ ਨਿਵੇਸ਼ ਕਰਨ ਤੋਂ ਪਹਿਲਾਂ ਉਸ ਵਿਅਕਤੀ ਦੀ ਜਾਂਚ ਪੜਤਾਲ ਕਰ ਲਵੋ। ਘਰੇੱਲੂ ਮੋਰਚੇ ਤੇ ਮੁਸ਼ਕਿਲ ਖੜੀ ਹੋ ਸਕਦੀ ਹੈ ਇਸ ਲਈ ਧਿਆਨ ਰੱਖੋ ਕਿ ਤੁਸੀ ਕੀ ਕਹਿੰਦੇ ਹੋ। ਅੱਜ ਤੁਹਾਡੇ ਅਤੇ ਤੁਹਾਡੇ ਪਿਆਰ ਵਿਚਕਾਰ ਕੋਈ ਆ ਸਕਦਾ ਹੈ। ਅੱਜ ਕੰਮਕਾਰ ਵਿਚ ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਜਿਸ ਨੂੰ ਤੁਸੀ ਆਪਣਾ ਦੁਸ਼ਮਣ ਸਮਝਦੇ ਹੋ ਉਹ ਤੁਹਾਡਾ ਸ਼ੁਭਚਿੰਤਕ ਹੈ। ਟੈਕਸ ਅਤੇ ਬੀਮੇ ਨਾਲ ਜੁੜੇ ਮਾਮਲਿਆਂ ਤੇ ਗੋਰ ਕਰਨ ਦੀ ਲੋੜ ਹੈ। ਗਲਤਫਹਿਮੀ ਦੇ ਲੰਬੇ ਦੋਰ ਤੋਂ ਬਾਅਦ ਤੁਹਾਡੇ ਜੀਵਨ ਸਾਥੀ ਵੱਲੋਂ ਅਸੀਸ ਤੇ ਤੋਹਫਾ ਮਿਲ ਸਕਦਾ ਹੈ।

**ਧਨੂੰ**: ਸਿਹਤ ਦੇ ਨਜ਼ਰੀਏ ਤੋਂ ਇਹ ਵਕਤ ਥੋੜਾ ਠੀਕ ਨਹੀਂ ਹੈ ਇਸ ਲਈ ਜੋ ਵੀ ਤੁਸੀ ਖਾਵੋ ਉਸ ਦੇ ਪ੍ਰਤੀ ਸਾਵਧਾਨ ਰਹੋ। ਇਸ ਰਾਸ਼ੀ ਦੇ ਵਿਵਾਹੁਤ ਜਾਤਕਾਂ ਨੂੰ ਅੱਜ ਸੋਰਿਆਂ ਤੋਂ ਲਾਭ ਹੋਣ ਦੀ ਸੰਭਾਵਨਾ ਹੈ। ਪਰਿਵਾਰ ਦੇ ਮੈਂਬਰਾ ਦੀ ਲੋੜ ਨੂੰ ਤਰਜ਼ੀਹ ਦੇਵੋ ਉਨਾਂ ਦੇ ਦੁੱਖ ਅਤੇ ਸੁੱਖ ਵਿਚ ਹਿੱਸਾ ਬਣੋ ਤਾਂ ਕਿ ਉਨਾਂ ਨੂੰ ਮਹਿਸੂਸ ਹੋਵੇ ਕਿ ਤੁਸੀ ਵਾਕਾਈ ਉਨਾਂ ਦਾ ਖਿਆਲ ਰੱਖਦੇ ਹੋ। ਉਤੇਜਕ ਦਿਨ ਹੈ ਕਿਉਂ ਕਿ ਤੁਹਾਡਾ ਪਿਆਰਾ ਤੁਹਾਨੂੰ ਤੋਹਫੇ ਦੇ ਸਕਦਾ ਹੈ। ਆਪਣੀਆਂ ਕੋਸ਼ਿਸ਼ਾਂ ਨੂੰ ਸਹੀ ਦਿਸ਼ਾ ਵਿਚ ਰੱਖੋ ਅਤੇ ਤੁਹਾਨੂੰ ਅਸਾਧਾਰਣ ਲਾਭ ਮਿਲੇਗਾ। ਯਾਤਰਾ ਅਤੇ ਸਿੱਖਿਆ ਨਾਲ ਜੁੜੇ ਕੰਮ ਤੁਹਾਡੀ ਜਾਗਰੁਕਤਾ ਵਿਚ ਵਾਧਾ ਕਰ ਸਕਦੇ ਹਨ। ਤੁਸੀ ਅੱਜ ਵਿਆਹਕ ਜੀਵਨ ਦਾ ਭਰਪੂਰ ਅਨੰਦ ਲਉ।

**ਮਕਰ** : ਆਪਣੇ ਵਿਚਾਰ ਅਤੇ ਉਰਜਾ ਨੂੰ ਉਹਨਾਂ ਕੰਮਾਂ ਵਿਚ ਲਗਾਉ ਜਿਨਾਂ ਤੋਂ ਆਪਣੇ ਹਕੀਕਤ ਦਾ ਰੂਪ ਲੈ ਸਕਦੇ ਹਨ। ਸਿਰਫ ਖਿਆਲੀ ਪੁਲ ਬਣਾਉਣ ਨਾਲ ਕੁਝ ਨਹੀਂ ਹੁੰਦਾ। ਹੁਣ ਤੱਕ ਤੁਹਾਡੇ ਕੋਲ ਸਮੱਸਿਆ ਇਹ ਹੈ ਕਿ ਤੁਸੀ ਕੋਸ਼ਿਸ਼ ਕਰਨ ਦੀ ਬਜਾਏ ਕੇਵਲ ਇੱਛਾ ਕਰਦੇ ਹੋ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਪਰਿਵਾਰ ਦੇ ਮੈਂਬਰਾਂ ਦਾ ਤੁਹਾਡੇ ਜੀਵਨ ਵਿਚ ਵਿਸ਼ੇਸ਼ ਮਹੱਤਵ ਹੋਵੇਗਾ। ਤੁਹਾਡਾ ਰੁਮਾਂਟਿਕ ਰਿਸ਼ਤਾ ਅੱਜ ਦੁਖੀ ਰਹੇਗਾ। ਤੁਹਾਡੇ ਬੋਸ ਕਿਸੇ ਵੀ ਬਹਾਨੇ ਵਿਚ ਦਿਲਚਸਪੀ ਜ਼ਾਹਿਰ ਨਹੀਂ ਕਰਨਗੇ ਇਸ ਲਈ ਅੱਖਾਂ ਵਿਚ ਬਣੇ ਰਹਿਣ ਦੇ ਲਈ ਆਪਣਾ ਕੰਮ ਚੰਗੀ ਤਰਾਂ ਨਾਲ ਕਰੋ। ਜੇਕਰ ਤੁਸੀ ਸੋਚਦੇ ਹੋਂ ਕਿ ਯਾਰ ਦੋਸਤਾਂ ਦੇ ਨਾਲ ਲੋੜ ਤੋਂ ਜਿਆਦਾ ਸਮਾਂ ਬਿਤਾਉਣਾ ਤੁਹਾਡੇ ਲਈ ਸਹੀ ਹੈ ਤਾਂ ਤੁਸੀ ਗਲਤ ਹੋ ਅਜਿਹਾ ਕਰਨ ਨਾਲ ਆਉਣ ਵਾਲੇ ਸਮੇਂ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਅੱਜ ਤੁਹਾਡਾ ਜੀਵਨ ਸਾਥੀ ਆਪਣੇ ਦੋਸਤਾਂ ਵਿਚ ਕੁਝ ਜਿਆਦਾਂ ਵਿਅਸਤ ਹੋ ਸਕਦਾ ਹੈ, ਜਿਸ ਦੇ ਚਲਦੇ ਤਹਾਡੀ ਉਦਾਸ ਹੋਣ ਦੀ ਸੰਭਾਵਨਾ ਹੈ।

**ਕੁੰਭ**: ਸ਼ਰਾਬ ਤੋਂ ਦੂਰ ਰਹੋ ਕਿਉਂ ਕਿ ਇਸ ਨਾਲ ਤੁਹਾਡੀ ਨੀਂਦ ਵਿਚ ਖਲਲ ਪੈ ਸਕਦੀ ਹੈ ਅਤੇ ਤੁਸੀ ਗਹਿਰੇ ਆਰਾਮ ਤੋ ਦੂਰ ਰਹਿ ਸਕਦੇ ਹੋ। ਅਤਿਰਿਕਤ ਉਮਰ ਦੇ ਲਈ ਆਪਣੇ ਸੁਜਨਾਤਮਕ ਵਿਚਾਰਾਂ ਦਾ ਲਉ। ਜਿਸ ਨੂੰ ਤੁਸੀ ਚਾਹੁੰਦੇ ਹੋ ਉਨਾਂ ਨਾਲ ਤੋਹਫਿਆਂ ਦਾ ਲੈਣ ਦੇਣ ਕਰਨ ਲਈ ਚੰਗਾ ਦਿਨ ਹੈ। ਅੱਜ ਤੁਸੀ ਪ੍ਰੇਮ ਭਾਵ ਦੇ ਰੂਪ ਵਿਚ ਹੋਵੋਂਗੇ ਇਸ ਲਈ ਆਪਣੇ ਪਿਆਰ ਦੇ ਨਾਲ ਕੁਝ ਚੰਗਾ ਸਮਾਂ ਬਿਤਾਉਣ ਦੀ ਯੋਜਨਾ ਬਣਾਉ। ਅਹਿਮ ਯੋਜਨਾਵਾਂ ਨੂੰ ਸਮੇਂ ਤੇ ਪੂਰਾ ਕਰਕੇ ਤੁਸੀ ਕਾਫੀ ਲਾਭ ਹਾਸਿਲ ਕਰਨ ਵਿਚ ਸਫਲ ਹੋਵੋਂਗੇ। ਅੱਜ ਖਾਲੀ ਸਮੇਂ ਦਾ ਉਪਯੋਗ ਕਰਨ ਦੇ ਲਈ ਤੁਹਾਡੇ ਹੱਥ ਹੈ ਕਿ ਤੁਸੀ ਦੋਸਤਾਂ ਨਾਲ ਮਿਲਣ ਦੀ ਯੋਜਨਾ ਵੀ ਬਣਾ ਸਕਦੇ ਹੋ। ਅੱਜ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਕੁਝ ਬੇਹਤਰੀਨ ਪਲ ਗੁਜ਼ਾਰ ਸਕੋਂਗੇ।

**ਮੀਨ**: ਆਪਣੀਆਂ ਨਾਕਾਰਾਤਮਕ ਭਾਵਨਾਵਾਂ ਅਤੇ ਬਿਰਤੀਆਂ ਨੂੰ ਕਾਬੂ ਵਿੱਚ ਰੱਖੋ ਤੁਹਾਡੀ ਰੂੜ੍ਹਵਾਦੀ ਸੋਚ ਪੁਰਾਣੇ ਖਿਆਲ ਤੁਹਾਡੀ ਪ੍ਰਗਤੀ ਵਿਚ ਅੜਚਣ ਬਣ ਸਕਦੀ ਹੈ ਉਸ ਦੀ ਦਿਸ਼ਾ ਬਦਲ ਸਕਦੇ ਹੋ ਅਤੇ ਤੁਹਾਨੂੰ ਰਾਹ ਵਿੱਚ ਅੱਗੇ ਕਈਂ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਜੋ ਉਧਾਰੀ ਦੇ ਲਈ ਤੁਹਾਡੇ ਕੋਲ ਆਏ ਉਨਾਂ ਨੂੰ ਨਜ਼ਰ ਅੰਦਾਜ਼ ਕਰਨਾ ਹੀ ਬੇਹਤਰ ਹੈ। ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਲੋਕਾਂ ਨਾਲ ਗੱਲਬਾਤ ਵਧਾਉਣ ਦੇ ਲਈ ਸਮਾਜਿਕ ਗਤੀਵਿਧਿਆਂ ਲਈ ਚੰਗਾ ਮੋਕਾ ਹੈ। ਉਤੇਜਕ ਦਿਨ ਹੈ ਕਿਉਂ ਕਿ ਤੁਹਾਡੇ ਪਿਆਰੇ ਦਾ ਫੋਨ ਆਵੇਗਾ। ਆਪਣੀ ਕੁਸ਼ਲਤਾ ਦਾ ਇਸਤੇਮਾਲ ਪੇਸ਼ੇਵਰ ਮਾਮਲਿਆਂ ਨੂੰ ਸਹਿਜਤਾ ਨਾਲ ਸੁਲਝਾਉਨ ਵਿਚ ਕਰੋ। ਯਾਤਰਾ ਕਰਨਾ ਲਾਭਦਾਇਕ ਪ੍ਰੰਤੂ ਮਹਿੰਗਾ ਸਾਬਿਤ ਰਹੇਗਾ। ਥੋੜੀ ਜਿਹੀ ਕੋਸ਼ਿਸ਼ ਕਰੋ ਕਿ ਇਹ ਦਿਨ ਤੁਹਾਡੇ ਵਿਵਾਹਿਕ ਜੀਵਨ ਵਿਚ ਸਭ ਤੋਂ ਵਿਸ਼ੇਸ਼ ਦਿਨਾਂ ਵਿਚੋਂ ਇਕ ਹੋ ਸਕਦਾ ਹੈ।

# ‘ਹਾਫ਼-ਆਇਰਨਮੈਨ’ ਯਾਨੀ ‘ਅੱਧਾ ਲੋਹ-ਪੁਰਸ਼’: ਕੁਲਦੀਪ ਸਿੰਘ ਗਰੇਵਾਲ





ਤਕੜੇ ਜੁੱਸੇ ਵਾਲੇ ਲੋਹੇ ਵਰਗੇ ਸਖ਼ਤ ਸਰੀਰ ਦੇ ਮਾਲਕ ਕਿਸੇ ਰਿਸ਼ਟ-ਪੁਸ਼ਟ ਮਨੁੱਖ ਨੂੰ “ਲੋਹ-ਪੁਰਸ਼” ਜਾਂ ਠੇਠ ਪੰਜਾਬੀ ਵਿਚ “ਇਹ ਤਾਂ ਨਿਰਾ ਲੋਹਾ ਈ ਆ” ਕਹਿੰਦਿਆਂ ਆਮ ਹੀ ਸੁਣਿਆ ਹੋਵੇਗਾ ਪਰ ਕਿਸੇ ਨੂੰ “ਅੱਧਾ ਲੋਹ-ਪੁਰਸ਼” ਜਾਂ “ਹਾਫ਼-ਆਇਰਨਮੈਨ” ਆਖਦਿਆਂ ਘੱਟ ਹੀ ਸੁਣਾਈ ਦਿੱਤਾ ਹੋਵੇਗਾ। ਆਉ ਵੇਖਦੇ ਹਾਂ, ਫਿਰ ਕਿਸੇ ਇਨਸਾਨ ਨੂੰ ‘ਅੱਧਾ ਲੋਹ-ਪੁਰਸ਼’ ਜਾਂ ‘ਹਾਫ਼-ਆਰਿਨਮੈਨ’ ਕਹਿਣ ਦਾ ਕੀ ਭਾਵ ਹੈ।

ਦਰਅਸਲ, ‘ਆਇਰਨਮੈਨ’ ਅਤੇ ‘ਹਾਫ਼-ਆਇਰਨਮੈਨ’ ਦੋ ਵੱਖ-ਵੱਖ ‘ਖ਼ਿਤਾਬ’ (ਟਾਈਟਲ) ਹਨ ਜੋ ਦੋ ਦੁਨੀਆਂ ਦੇ ਵੱਖੋ-ਵੱਖਰੇ ਸਖ਼ਤ ਸਰੀਰਕ ਮੁਕਾਬਲਿਆਂ ਵਿੱਚੋਂ ਗੁਜ਼ਰਦਿਆਂ ਹੋਇਆਂ ਇਨ੍ਹਾਂ ਵਿੱਚੋਂ ਸਫ਼ਲ ਹੋਣ ਵਾਲਿਆਂ ਨੂੰ ਮੁਕਾਬਲਿਆਂ ਦੇ ਪ੍ਰਬੰਧਕਾਂ ਵੱਲੋਂ ਪ੍ਰਦਾਨ ਕੀਤੇ ਜਾਂਦੇ ਹਨ। ਇਹ ਦੋਵੇਂ ਮੁਕਾਬਲੇ ਹੀ ਬੜੇ ਸਖ਼ਤ ਤੇ ਰੋਚਕ ਹਨ ਅਤੇ ਮੇਰਾ ਖ਼ਿਆਲ ਹੈ ਕਿ ਇਨ੍ਹਾਂ ਬਾਰੇ ਜਾਣਕਾਰੀ ਪਾਠਕਾਂ ਲਈ ਮਹੱਤਵਪੂਰਨ ਹੋਵੇਗੀ। ‘ਹਾਫ਼-ਆਇਰਨਮੈਨ ਮੁਕਾਬਲੇ’ ਦੀ ਜੇਕਰ ਪਹਿਲਾਂ ਗੱਲ ਕਰੀਏ ਤਾਂ ਇਸ ਵਿੱਚ ਭਾਗ ਲੈਣ ਵਾਲਿਆਂ ਨੂੰ ਪਹਿਲਾਂ ਦੋ ਕਿਲੋਮੀਟਰ ਤੈਰਨਾ ਹੁੰਦਾ ਹੈ ਅਤੇ ਤੈਰਾਕੀ ਦਾ ਇਹ ਈਵੈਂਟ ਇੱਕ ਘੰਟਾ 10 ਮਿੰਟਾਂ ਦੇ ਨਿਸਚਤ ਕੀਤੇ ਗਏ ਸਮੇਂ ਵਿੱਚ ਪੂਰਾ ਕਰਨਾ ਹੁੰਦਾ ਹੈ। ਇਹ ਪਹਿਲਾ ਪੜਾਅ ਪਾਰ ਕਰਨ ਵਾਲੇ ਮੁਕਾਬਲੇਬਾਜ਼ ਹੀ ਅੱਗੇ ਬਾਈਸਾਈਕਲ ਚਲਾਉਣ ਵਾਲੇ ਦੂਸਰੇ ਪੜਾਅ ਵਿੱਚ ਦਾਖ਼ਲ ਹੁੰਦੇ ਹਨ ਜਿਸ ਵਿੱਚ ਉਨ੍ਹਾਂ ਨੇ 90 ਕਿਲੋਮੀਟਰ ਸਾਈਕਲ 4 ਘੰਟੇ 20 ਮਿੰਟਾਂ ਵਿੱਚ ਚਲਾਉਣਾ ਹੁੰਦਾ ਹੈ ਅਤੇ ਜਿਹੜੇ ਇਹ ਦੂਸਰਾ ਪੜਾਅ ਪਾਰ ਕਰ ਲੈਂਦੇ ਹਨ, ਉਹ ਅੱਗੋਂ 21 ਕਿਲੋਮੀਟਰ ਹਾਫ਼-ਮੈਰਾਥਨ ਵਾਲੇ ਤੀਸਰੇ ਪੜਾਅ ਵਿੱਚ ਸ਼ਾਮਲ ਹੁੰਦੇ ਹਨ ਜੋ ਉਨ੍ਹਾਂ ਨੇ 2 ਘੰਟੇ 20 ਮਿੰਟਾਂ ਵਿਚ ਲਗਾਉਣੀ ਹੁੰਦੀ ਹੈ। ਇਹ ਤਿੰਨੇ ਈਵੈਂਟ ਉਨ੍ਹਾਂ ਨੇ 8 ਘੰਟੇ ਤੋਂ ਲੈ ਕੇ 8 ਘੰਟੇ 30 ਮਿੰਟਾਂ ਦੇ ਵਿੱਚ ਵਿੱਚ ਪੂਰੇ ਕਰਨੇ ਹੁੰਦੇ ਹਨ। ਇਸ ਸਮੁੱਚੇ ਮੁਕਾਬਲੇ ਨੂੰ ਪੂਰਾ ਕਰਨ ਦਾ ਅਸਲ ਸਮਾਂ 8 ਘੰਟੇ ਦਾ ਹੈ। ਇਸ ਤੋਂ ਉੱਪਰਲਾ ਅੱਧਾ ਘੰਟਾ ਇਸ ਮੁਕਾਬਲੇ ਵਿਚ ਹਿੱਸਾ ਲੈਣ ਵਾਲਿਆਂ ਨੂੰ ‘ਚੇਂਜਿੰਗ-ਟਾਈਮ’ ਜਾਂ ‘ਟ੍ਰਾਂਜ਼ੀਸ਼ਨ-ਟਾਈਮ’ ਵਜੋਂ ਦਿੱਤਾ ਜਾਂਦਾ ਹੈ ਜਿਸ ਵਿਚ ਉਨ੍ਹਾਂ ਨੇ ਤੈਰਾਕੀ ਵਾਲੇ ਗਿੱਲੇ ਸਵਿੰਮਿੰਗ ਸੂਟ ਬਦਲਣੇ ਹੁੰਦੇ ਹਨ ਅਤੇ ਥੋੜ੍ਹਾ ਜਿਹਾ ਅੱਗੇ ਜਾ ਕੇ ਪਾਰਕਿੰਗ ਵਿੱਚੋਂ ਆਪਣੇ ਸਾਈਕਲ ਲੈਣੇ ਹੁੰਦੇ ਹਨ ਤੇ ਸਾਈਕਲਿੰਗ ਦਾ ਦੌਰ ਪੂਰਾ ਕਰਕੇ ਮੁੜ ਉੱਥੇ ਪਾਰਕ ਕਰਨੇ ਹੁੰਦੇ ਹਨ।

‘ਆਇਰਨ ਮੁਕਾਬਲੇ’ ਵਿੱਚ ਇਹ ਸੱਭ ਕੁੱਝ ਇਸ ਤੋਂ ਦੁੱਗਣਾ ਕਰਨਾ ਪੈਂਦਾ ਹੈ, ਭਾਵ ਚਾਰ ਕਿਲੋਮੀਟਰ ਤੈਰਾਕੀ, 180 ਕਿਲੋਮੀਟਰ ਸਾਈਕਲਿੰਗ ਅਤੇ 42 ਕਿਲੋਮੀਟਰ ਮੈਰਾਥਨ ਦੌੜ ਪੂਰੀ ਕਰਨੀ ਹੁੰਦੀ ਹੈ। ਆਮ ਮਨੁੱਖ ਤਾਂ ਅਜਿਹੇ ਸਖ਼ਤ ਮੁਕਾਬਲਿਆਂ ਬਾਰੇ ਸੋਚ ਵੀ ਨਹੀਂ ਸਕਦਾ ਪਰ ਹੈਰਾਨੀ ਦੀ ਗੱਲ ਹੈ ਕਿ ਦੁਨੀਆਂ-ਭਰ ਵਿੱਚੋਂ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਹੀ ‘ਯੋਧੇ’ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਨਿੱਤਰਦੇ ਹਨ। ਉਹ ਪਹਿਲਾਂ ਕਈ ਕਈ ਸਾਲ ਆਪਣੇ ਸਰੀਰਾਂ ਨੂੰ ਖ਼ੂਬ ਕਮਾਉਂਦੇ ਹਨ ਅਤੇ ਇਨ੍ਹਾਂ ਮੁਕਬਲਿਆਂ ਦੀ ਤਿਆਰੀ ਵਿੱਚ ਜੁੱਟੇ ਰਹਿੰਦੇ ਹਨ। ਅੱਜ ਅਸੀਂ ਅਜਿਹੇ ਹੀ ‘ਅੱਧੇ ਲੋਹ-ਪੁਰਸ਼’ ਕੁਲਦੀਪ ਗਰੇਵਾਲ ਬਾਰੇ ਗੱਲ ਕਰਨੀ ਹੈ ਜਿਸਨੇ ਨਿਆਗਰਾ ਫਾਲਜ਼ ਵਿਖੇ ਇਸ ਸਾਲ 15 ਸਤੰਬਰ 2024 ਨੂੰ ਹੋਏ ਹਾਫ਼-ਆਇਰਨਮੈਨ ਮੁਕਾਬਲੇ ਵਿਚ ‘ਹਾਫ਼-ਆਇਰਨਮੈਨ’ ਦਾ ਇਹ ਖ਼ਿਤਾਬ ਹਾਸਲ ਕੀਤਾ ਹੈ ਅਤੇ ‘ਅੱਧਾ ਲੋਹ-ਪੁਰਸ਼’ ਅਖਵਾਇਆ ਹੈ। ਕੁਲਦੀਪ ਗਰੇਵਾਲ ਪਿਛੋਕੜ ਦੀ ਜੇਕਰ ਗੱਲ ਕਰੀਏ ਤਾਂ ਉਹ ਜ਼ਿਲਾ ਲੁਧਿਆਣਾ ਦੇ ਪਿੰਡ ਕਰੌਂਦੀਆ ਦਾ ਜੰਮ-ਪਲ਼ ਹੈ ਜਿੱਥੇ ਪਿਤਾ ਸ। ਸੁਦਾਗਰ ਸਿੰਘ ਅਤੇ ਮਾਤਾ ਅਜਮੇਰ ਕੌਰ ਦੇ ਘਰ 3 ਮਾਰਚ 1959 ਨੂੰ ਉਸਦਾ ਜਨਮ ਹੋਇਆ। ਕੁਲਦੀਪ ਦਾ ਇਹ ਪਿੰਡ ਖੰਨਾ-ਮਲੇਰਕੋਟਲਾ ਸੜਕ ‘ਤੇ ਪੈਂਦਾ ਹੈ। 1947 ਦੀ ਭਾਰਤ-ਪਾਕਿਸਤਾਨ ‘ਵੰਡ’ ਸਮੇਂ ਉਸ ਦੇ ਪੁਰਖ਼ਿਆਂ ਨੂੰ ਪਿੰਡ ‘ਚੀਮਾ-ਕਰੌਂਦੀਆਂ’(ਨੇੜੇ-ਨੇੜੇ ਪੈਂਦੇ ਦੋ ਪਿੰਡਾਂ ‘ਚੀਮਾ’ ਤੇ ‘ਕਰੌਂਦੀਆਂ’ ਦਾ ਨਾਂ ਕਈ ਵਾਰ ਲੋਕਾਂ ਵੱਲੋਂ ਇਕੱਠਾ ਹੀ ਲੈ ਲਿਆ ਜਾਂਦਾ ਹੈ) ਅਤੇ ਅਮਲੋਹ ਦੇ ਨੇੜੇ ਪਿੰਡ ‘ਖਨੌੜਾ’ ਵਿੱਚ ਜ਼ਮੀਨ ਅਲਾਟ ਹੋਈ। ਖਨੌੜਾ ਪਿੰਡ ਦੀ ਜ਼ਮੀਨ ਕੁਝ ਮਾੜੀ ਸੀ। ਉਸ ਦੇ ਚਾਚੇ ਤੇ ਤਾਏ ਦਾ ਉੱਥੇ ਦਿਲ ਨਾ ਲੱਗਿਆ ਅਤੇ ਉਹ ਜ਼ਮੀਨ ਵੇਚ ਕੇ ਕੁਲਦੀਪ ਦੇ ਪਿਤਾ ਜੀ ਦੇ ਪਿੰਡ ਕਰੌਦੀਆਂ ਹੀ ਆ ਵੱਸੇ। ਦਰਅਸਲ, ਉਦੋਂ ਪੰਜਾਬ ਵਿੱਚ ਸਾਂਝੇ ਪਰਿਵਾਰਾਂ ਦਾ ਹੀ ਰਿਵਾਜ ਸੀ ਅਤੇ ਉਹ ਸਾਰੇ ਭਰਾ ਇਕੱਠਿਆਂ ਹੀ ਰਹਿਣਾ ਚਾਹੁੰਦੇ ਸਨ।

ਕੁਲਦੀਪ ਦੇ ਪ੍ਰਾਇਮਰੀ ਤੱਕ ਮੁੱਢਲੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਕਰੌਂਦੀਆਂ ਤੋਂ ਕੀਤੀ, ਅੱਠਵੀਂ ਤੱਕ ਉਹ ਸਰਕਾਰੀ ਮਿਡਲ ਸਕੂਲ ਨਸਰਾਲੀ ਵਿੱਚ ਪੜ੍ਹਿਆ ਅਤੇ ਮੈਟ੍ਰਿਕ ਸਰਕਾਰੀ ਹਾਈ ਸਕੂਲ ਅਲੂਣਾ ਪੱਲਾ ਤੋਂ ਕੀਤੀ। ਇਸ ਤੋਂ ਅੱਗੇ ਉਹ ਨਾ ਪੜ੍ਹ ਸਕਿਆ, ਕਿਉਂਕਿ 1975 ਵਿਚ ਉਹ ਆਪਣੇ ਵੱਡੇ ਭਰਾ ਕੋਲ ਕਿਚਨਰ (ਕੈਨੇਡਾ) ਆ ਗਿਆ। ਇੱਥੇ ਆ ਕੇ ਸੋਫ਼ੇ ਬਨਾਉਣ ਵਾਲੀ ਇੱਕ ਫ਼ੈਕਟਰੀ ਵਿੱਚ ਕੰਮ ਕਰਦਿਆਂ ਗੁਜ਼ਾਰੇ ਜੋਗੀ ਅੰਗਰੇਜ਼ੀ ਸਿੱਖਣ ਲਈ ਲੋੜੀਂਦੀਆਂ ਕਲਾਸਾਂ ਲਾਈਆਂ। 1985 ਵਿੱਚ ਉਹ ਟੈਕਸੀ ਡਰਾਈਵਿੰਗ ਦੇ ਕਿੱਤੇ ਵਿੱਚ ਆ ਗਿਆ। ਇਸ ਤੋਂ ਪਹਿਲਾਂ 1981 ਵਿੱਚ ਪੰਜਾਬ ਜਾ ਕੇ ਕੁਲਵੰਤ ਕੌਰ ਨਾਲ ਵਿਆਹ ਕਰਵਾਇਆ ਅਤੇ 1984 ਵਿੱਚ ਉਸ ਦੇ ਘਰ ਬੇਟੇ ਰਣਜੀਤ ਨੇ ਜਨਮ ਲਿਆ। ਬੇਟੀ ਕਿਰਨਦੀਪ 1986 ਅਤੇ ਛੋਟਾ ਬੇਟਾ ਰਾਜਬੀਰ 1986 ਵਿਚ ਪੈਦਾ ਹੋਏ। ਇਹ ਪੁੱਛਣ ‘ਤੇ ਕਿ ਦੌੜਨ-ਭੱਜਣ ਦਾ ਖ਼ਿਆਲ ਮਨ ‘ਚ ਕਦੋਂ ਉਸ ਦੇ ਮਨ ‘ਚ ਆਇਆ, ਉਸ ਨੇ ਦੱਸਿਆ ਕਿ ਸਕੂਲ ‘ਚ ਪੜ੍ਹਦਿਆਂ ਉਸਨੂੰ ਫ਼ੁੱਟਬਾਲ ਤੇ ਕਬੱਡੀ ਖੇਡਣ ਦਾ ਸ਼ੌਕ ਸੀ ਅਤੇ ਇਸ ਦੇ ਨਾਲ ਹੀ ਸ਼ੌਕੀਆ ਦੌੜਨ ਦਾ ਵੀ ਸੀ। ਉਹ ਸਕੂਲਾਂ ਵਿਚ ਹੋਣ ਵਾਲੇ ਖੇਡ- ਮੁਕਾਬਲਿਆਂ ਵਿੱਚ ਤਾਂ ਭਾਗ ਲੈਂਦਾ ਸੀ ਪਰ ਅੱਗੋਂ ਬਲਾਕ ਜਾਂ ਜ਼ਿਲਾ ਪੱਧਰ ਦੇ ਖੇਡ-ਮੁਕਾਬਲਿਆਂ ਵਿੱਚ ਹਿੱਸਾ ਨਹੀਂ ਲੈ ਸਕਿਆ। ਟੈਕਸੀ ਚਲਾਉਂਦਿਆਂ ਡਰਾਈਵਰ ਸੀਟ ਉੱਪਰ ਲੰਮੀਂ ਬਹਿਕ ਹੋਣ ਕਰਕੇ ਉਸ ਦਾ ਭਾਰ ਕਵਿੰਟਲ ਤੋਂ ਉੱਪਰ ਹੋ ਗਿਆ ਜਿਸਦਾ ਉਸ ਨੂੰ ਫ਼ਿਕਰ ਹੋਣ ਲੱਗਿਆ। ਭਾਰ ਘਟਾਉਣ ਲਈ ਉਸ ਨੇ ਜਿੰਮ ਜਾਣਾ ਸ਼ੁਰੂ ਕਰ ਦਿੱਤਾ ਅਤੇ ਖ਼ੁਰਾਕ ਵੱਲ ਵੀ ਕੁਝ ਧਿਆਨ ਦਿੱਤਾ। ‘ਜੰਕ-ਫ਼ੂਡਜ਼’ ਦਾ ਚਸਕਾ ਤਿਆਗ ਦਿੱਤਾ ਅਤੇ ਪੰਜਾਂ-ਛੇਆਂ ਮਹੀਨਿਆਂ ਵਿੱਚ ਹੀ ਭਾਰ ਪਹਿਲੀ ਥਾਂ ‘ਤੇ ਆ ਗਿਆ। ਪਰ ਉਸ ਤੋਂ ਬਾਅਦ ਫਿਰ ਉਸ ਨੂੰ ਉਸੇ ਥਾਂ ਕਾਇਮ ਰੱਖਣਾ ਵੀ ਤਾਂ ਜ਼ਰੂਰੀ ਸੀ।



ਡਾ.ਸੁਖਦੇਵ ਸਿੰਘ ਝੰਡ
647-567-9128

ਬਰੈਂਪਟਨ ਵਿੱਚ ਸੰਧੂਰਾ ਸਿੰਘ ਬਰਾੜ ਆਪਣੇ ਕੁਝ ਸਾਥੀਆਂ ਨਾਲ ਮਿਲ਼ ਕੇ ‘ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ’ (ਟੀਪੀਏਆਰ ਕਲੱਬ) ਚਲਾ ਰਿਹਾ ਸੀ। ਕਲੱਬ ਦਾ ਚੇਅਰਮੈਨ ਹੋਣ ਦੇ ਨਾਤੇ ਉਹ ਕਲੱਬ ਦੇ ਮੈਂਬਰਾਂ ਅਤੇ ਹੋਰਨਾਂ ਨੂੰ ਇਸ ਦੀਆਂ ਸਰਗਰਮੀਆਂ ਵਿੱਚ ਭਾਗ ਲੈਣ ਲਈ ਪ੍ਰੇਰਦਾ ਰਹਿੰਦਾ ਸੀ। ਕਲੱਬ ਦੇ ਮੈਂਬਰ ਵੀਕਐਂਡਜ਼ ‘ਤੇ ਸ਼ਨੀਵਾਰ ਜਾਂ ਐਤਵਾਰ ਨੂੰ ਕਿਸੇ ਨਾ ਕਿਸੇ ਪਾਰਕ ਵਿੱਚ ਜਾਂ ਕਿਸੇ ਟਰੇਲ ‘ਤੇ ਦੌੜਨ ਜਾਂਦੇ ਸਨ ਅਤੇ ਉਨ੍ਹਾਂ ਨੇ ਕੁਲਦੀਪ ਗਰੇਵਾਲ ਨੂੰ ਵੀ ਆਪਣੇ ਨਾਲ ਤੋਰ ਲਿਆ। ਟੈਕਸੀ ਡਰਾਈਵਿੰਗ ਦੇ ਪੇਸ਼ੇ ਵਿੱਚ ਹਫ਼ਤੇ ਵਿਚਲੇ ਕੁਝ ਦਿਨ ਉਨ੍ਹਾਂ ਕੋਲ ਵਿਹਲੇ ਹੁੰਦੇ ਸਨ ਅਤੇ ਇਨ੍ਹਾਂ ਦਿਨਾਂ ਵਿੱਚ ਉਹ ਕਈ ਵਾਰ ਇਕੱਲਾ ਵੀ ਕਿਸੇ ਪਾਰਕ ਜਾਂ ਵਾਕ-ਵੇਅ ‘ਤੇ ਦੌੜਨ ਲਈ ਤੁਰ ਪੈਂਦਾ। ਲੰਮੀਂ ਦੌੜ ਵਿੱਚ ਉਸ ਨੇ ‘ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ’ ਵੱਲੋਂ 2017 ਵਿਚ ਕਰਵਾਈ ਗਈ ਇੰਸਪੀਰੇਸ਼ਨਲ ਸਟੈੱਪਸ-2017’ ਵਿੱਚ ਪਹਿਲੀ ਵਾਰ ਹਿੱਸਾ ਲਿਆ ਜਿਸ ਵਿਚ ਉਸਨੇ ‘ਹਾਫ਼-ਮੈਰਾਥਨ’ 2 ਘੰਟੇ 33 ਮਿੰਟਾਂ ਵਿੱਚ ਪੂਰੀ ਕੀਤੀ। ਇਸ ਤੋਂ ਉਸ ਨੂੰ ਕਾਫ਼ੀ ਉਤਸ਼ਾਹ ਮਿਲਿਆ ਕਿ ਉਹ ਲੰਮੀ ਦੌੜ ਵੀ ਲਗਾ ਸਕਦਾ ਹੈ। ਫਿਰ ਉਸੇ ਸਾਲ ਅਕਤੂਬਰ 2017 ਵਿਚ ‘ਸਕੋਸ਼ੀਆਬੈਂਕ ਵਾਟਰਫਰੰਟ ਮੈਰਾਥਨ’ ਈਵੈਂਟ ਵਿਚ ਹਾਫ਼-ਮੈਰਾਥਨ 2 ਘੰਟੇ 24 ਮਿੰਟਾਂ ਵਿਚ ਦੌੜ ਕੇ ਉਸ ਦੇ ਹੌਸਲੇ ਵਿੱਚ ਹੋਰ ਵਾਧਾ ਹੋਇਆ ਅਤੇ ਅਗਲੇ ਸਾਲ 2018 ਵਿਚ ‘ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ’ ਵੱਲੋਂ ਕਰਵਾਈ ਗਈ ਇੰਸਪੀਰੇਸ਼ਨਲ ਸਟੈੱਪਸ-2018’ ਵਿੱਚ ਹਾਫ਼-ਮੈਰਾਥਨ ਦਾ ਆਪਣਾ ਸਮਾਂ ਹੋਰ ਘਟਾਉਂਦਿਆਂ ਹੋਇਆਂ ਉਸਨੇ ਇਸ ਨੂੰ 2 ਘੰਟੇ 20 ਮਿੰਟਾਂ ਵਿੱਚ ਸੰਪੰਨ ਕੀਤਾ। ਇਸੇ ਸਾਲ ‘ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ-2018’ ਵਿੱਚ ਭਾਗ ਲੈਂਦਿਆਂ ਹੋਇਆਂ ਹਾਫ਼- ਮੈਰਾਥਨ 2 ਘੰਟੇ 11 ਮਿੰਟਾਂ ਵਿੱਚ ਪੂਰੀ ਕੀਤੀ। ‘ਚਿੱਲੀ ਹਾਫ਼-ਮੈਰਾਥਨ-2018’ ਉਸ ਨੇ 2 ਘੰਟੇ 5 ਮਿੰਟਾਂ ਵਿੱਚ ਲਗਾਈ ਅਤੇ ‘ਮਿਸੀਸਾਗਾ ਹਾਫ਼-ਮੈਰਾਥਨ’ 2 ਘੰਟੇ 2 ਮਿੰਟ 5 ਸਕਿੰਟ ਵਿੱਚ ਪੂਰੀ ਕੀਤੀ। ਗੱਲ ਕੀ, ਹਰੇਕ ਅਗਲੀ ਦੌੜ ਵਿੱਚ ਉਹ ਹਾਫ਼-ਮੈਰਾਥਨ ਲਗਾਉਣ ਦਾ ਦੌੜਨ ਦਾ ਆਪਣਾ ਸਮਾਂ ਘੱਟ ਕਰਦਾ ਗਿਆ। 2019 ਵਿੱਚ ਉਸਨੇ ‘ਇੰਸਪੀਰੇਸ਼ਨਲ ਸਟੈੱਪਸ-2019’, ‘ਕਾਲਿੰਗਵੁੱਡ ਹਾਫ਼-ਮੈਰਾਥਨ’ ਅਤੇ ‘ਸਕੋਸ਼ੀਆਬੈਂਕ ਵਾਟਰਫ਼ਰੰਟ ਹਾਫ਼-ਮੈਰਾਥਨ’ ਲਗਾਈਆਂ ਅਤੇ ਦੌੜ ਦੇ ਆਪਣਾ ਸਮੇਂ ਨੂੰ ਘੱਟ ਕਰਦੇ ਹੋਏ ਇਨ੍ਹਾਂ ਵਿੱਚੋਂ ਅਖ਼ੀਰਲੀ ‘ਸਕੋਸ਼ੀਆਬੈਂਕ ਵਾਟਰਫ਼ਰੰਟ ਹਾਫ਼-ਮੈਰਾਥਨ’ ਵਿੱਚ ਚੈਲਿੰਜ ਲੈ ਕੇ ਇਹ ਇੱਕ ਘੰਟਾ 58 ਮਿੰਟ 43 ਸਕਿੰਟ ਵਿੱਚ ਸੰਪੰਨ ਕੀਤੀ।

ਇਸ ਦੇ ਨਾਲ ਹੀ ਉਸਨੇ ਟੀਪੀਏਆਰ ਕਲੱਬ ਦੇ ਮੈਂਬਰਾਂ ਨਾਲ 2017 ਅਤੇ 2018 ਵਿੱਚ ਸੀ ਐੱਨ ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟਾਂ ਵਿੱਚ ਵੀ ਹਿੱਸਾ ਲਿਆ। 2020 ਦੌਰਾਨ ਸੰਸਾਰ-ਭਰ ਵਿਚ ‘ਕਰੋਨਾ ਮਹਾਂਮਾਰੀ’ ਫ਼ੈਲ ਜਾਣ ਕਾਰਨ ਕੋਈ ਵੀ ਖੇਡ-ਮੁਕਾਬਲੇ ਨਾ ਹੋ ਸਕੇ ਪਰ ਫਿਰ ਵੀ ਉਸ ਨੇ ਇਸ ਸਾਲ ‘ਵਰਚੂਅਲ ਫ਼ੁੱਲ-ਮੈਰਾਥਨ’ ਲਗਾਈ। ਹਾਫ਼ ਤੇ ਫ਼ੁੱਲ ਮੈਰਾਥਨ ਦੌੜਾਂ ਦੇ ਨਾਲ ਨਾਲ ਉਸ ਨੇ 2019 ਵਿੱਚ ਪੀਅਰਸਨ ਏਅਰਪੋਰਟ ‘ਤੇ ਹੋਈ ‘ਰੱਨ- ਵੇਅ-ਰੱਨ ਅਤੇ ‘ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ’ ਵੱਲੋਂ ਕਰਵਾਈਆਂ ਗਈਆਂ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜਾਂ ਵਿਚ ਵੀ ਭਾਗ ਲਿਆ। ਕਰੋਨਾ-ਕਾਲ ਸਮਾਪਤ ਹੋਣ ‘ਤੇ 1 ਮਈ 2022 ਨੂੰ ਹੋਈ ‘ਟੋਰਾਂਟੋ ਮੈਰਾਥਨ’ ਵਿਚ ਉਸ ਨੇ ਹਰਜੀਤ ਸਿੰਘ ਅਤੇ ਲਖਵਿੰਦਰ ‘ਲੱਖੇ’ ਨਾਲ ਭਾਗ ਲੈ ਕੇ ਇਸ ਨੂੰ 5 ਘੰਟੇ 35 ਮਿੰਟ ਵਿਚ ਪੂਰਾ ਕੀਤਾ। ਇਹ ਤਾਂ ਹੋਈ ਕੁਲਦੀਪ ਗਰੇਵਾਲ ਦੀਆਂ ਹਾਫ਼-ਮੈਰਾਥਨ ਤੇ ‘ਫ਼ੁੱਲ-ਮੈਰਾਥਨ ਦੌੜਾਂ ਦੀ ਗੱਲ। ਹੁਣ ਉਸ ਦੇ ‘ਹਾਫ਼-ਆਇਰਨਮੈਨ’ ਬਣਨ ਵਾਲੇ ਪਾਸੇ ਆਉਂਦੇ ਹਾਂ। ਜਿਵੇਂ ਕਿ ਇਸ ਆਰਟੀਕਲ ਦੇ ਆਰੰਭ ਵਿਚ ਦੱਸਿਆ ਗਿਆ ਹੈ ਕਿ ਇਸ ਮੁਕਾਬਲੇ ਵਿੱਚ ‘ਹਾਫ਼-ਮੈਰਾਥਨ’ (21 ਕਿਲੋਮੀਟਰ) ਦੌੜ ਤੋਂ ਪਹਿਲਾਂ ਦੋ ਕਿਲੋਮੀਟਰ ਤੈਰਾਕੀ ਅਤੇ ਫਿਰ 90 ਕਿਲੋਮੀਟਰ ਸਾਈਕਲਿੰਗ ਕਰਵਾਈ ਜਾਂਦੀ ਹੈ, ਇਨ੍ਹਾਂ ਦੋਹਾਂ ਈਵੈਂਟਾਂ ਦੀ ਤਿਆਰੀ ਬਾਰੇ ਪੁੱਛਣ ‘ਤੇ ਕੁਲਦੀਪ ਨੇ ਦੱਸਿਆ ਕਿ ਸਾਲ 2020 ਸਮੇਂ ਜਦੋਂ ਸਰਕਾਰੀ ਹਦਾਇਤਾਂ ਅਨੁਸਾਰ ਲੋਕਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਬੰਦ ਹੋ ਗਿਆ ਸੀ ਤਾਂ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਹੇਠ ਚੱਲ ਰਹੀ ਟੀਪੀਏਆਰ ਕਲੱਬ ਦੇ ਮੈਂਬਰਾਂ ਨੇ ਬਰੈਂਪਟਨ ਤੋਂ ਬਾਹਰਵਾਰ ਕਿਸੇ ਖੁੱਲ੍ਹੀ ਥਾਂ ‘ਤੇ ਜਾ ਕੇ ਦੌੜਨ-ਭੱਜਣ ਦਾ ਫ਼ੈਸਲਾ ਕੀਤਾ, ਕਿਉਂਕਿ ਸਾਰੇ ਮੈਂਬਰ ਹੀ ਉਦੋਂ ਘਰਾਂ ਵਿਚ ਤੜੇ ਰਹਿ ਕੇ ਤੰਗ ਪੈ ਚੁੱਕੇ ਸਨ। ਇਸ ਮੰਤਵ ਦੇ ਲਈ ਉਨ੍ਹਾਂ ਨੇ ਕੈਲੇਡਨ ਟਰੇਲ ਦੀ ਚੋਣ ਕੀਤੀ। ਸ਼ਨੀਵਾਰ ਜਾਂ ਐਤਵਾਰ ਨੂੰ ਤੇ ਕਈ ਵਾਰ ਵਿਚਲੇ ਦਿਨਾਂ ਵਿੱਚ ਵੀ ਉੱਥੇ ਇਕੱਠੇ ਹੁੰਦੇ। ਉਹ ਕਦੇ ਇਸ ਦੇ ਪੂਰਬ ਵੱਲ ਤੇ ਕਦੇ ਪੱਛਮ ਵੱਲ ਨੂੰ ਦੌੜਨਾ ਸ਼ੁਰੂ ਕਰ ਦਿੰਦੇ ਅਤੇ 10-12 ਕਿਲੋਮੀਟਰ ਦੌੜ ਕੇ ਪਿੱਛੇ ਵਾਪਸ ਮੁੜਦੇ। ਇਸ ਤਰ੍ਹਾਂ ਹਾਫ਼-ਮੈਰਾਥਨ ਦੇ ਬਰਾਬਰ ਉਨ੍ਹਾਂ ਦੀ ਦੌੜ ਪੂਰੀ ਹੋ ਜਾਂਦੀ ਸੀ।

ਇਸ ਦੌਰਾਨ ਕਰਮਜੀਤ ਕੋਚ ਜੋ ਉਨ੍ਹੀਂ ਦਿਨੀਂ ਬਲਜਿੰਦਰ ਸੇਖੋਂ ਹੁਰਾਂ ਦੇ ਨਾਲ ਸਾਈਕਲਿੰਗ ਕਰਦਾ ਸੀ, ਨੇ ਮਸ਼ਵਰਾ ਦਿੱਤਾ ਕਿ ਕਿਉਂ ਨਾ ਵਿੱਚ-ਵਿਚਾਲੇ ਕਦੇ-ਕਦੇ ਸਾਈਕਲਿੰਗ ਵੀ ਕਰ ਲਈ ਜਾਇਆ ਕਰੇ। ਫਿਰ ਕੀ ਸੀ, ਅਗਲੇ ਹੀ ਦਿਨ ਕੁਲਦੀਪ ਗਰੇਵਾਲ, ਹਰਜੀਤ ਸਿੰਘ, ਜਗਤਾਰ ਗਰੇਵਾਲ, ਜਸਪਾਲ ਗਰੇਵਾਲ, ਸੰਧੂਰਾ ਬਰਾੜ, ਕੇਸਰ ਬੜੈਚ ਤੇ ਇੱਕ-ਦੋ ਹੋਰ ਆਪੋ ਆਪਣੇ ਸਾਈਕਲ ਲੈ ਕੇ ਕੈਲੇਡਨ ਟਰੇਲ ‘ਤੇ ਪਹੁੰਚ ਗਏ। ਕਈਆਂ ਕੋਲ ਤਾਂ ਇਹ ਪਹਿਲਾਂ ਈ ਹੈਗੇ ਸਨ ਅਤੇ ਕਈਆਂ ਨੇ ਸਾਈਕਲਿੰਗ ਦੇ ਪੈਦਾ ਹੋਏ ਇਸ ਨਵੇਂ ਸ਼ੌਕ ਲਈ ਇਹ ਉਚੇਚੇ ਖ਼ਰੀਦੇ। ਹਰਜੀਤ ਸਿੰਘ ਨੇ ਇੱਕ ਪੁਰਾਣਾ ਰੇਸਰ ਸਾਈਕਲ ‘ਜੇਮਿਸ’ (JAmsi) ਕਿਸੇ ਕੋਲੋਂ 650 ਡਾਲਰ ਵਿੱਚ ਖ਼ਰੀਦਿਆ। ਕੁਲਦੀਪ ਗਰੇਵਾਲ ਨੇ ਇਸ ਸ਼ੌਕ ਦੇ ਲਈ ਉਚੇਚਾ ਨਵਾਂ ‘ਜੇਮਿਸ ਸਾਈਕਲ’ 700 ਡਾਲਰ ਦਾ ਖ਼ਰੀਦ ਲਿਆ। ਇਹ ਸਾਈਕਲ ਵਜ਼ਨ ਵਿੱਚ ਹਲਕਾ ਸੀ ਅਤੇ ਇਸ ਦਾ ਹੈਂਡਲ ਹੇਠਾਂ ਨੂੰ ਝੁਕਿਆ ਹੋਇਆ ਸੀ ਜਿਸ ਨਾਲ ਸਿਰ ਤੇ ਮੋਢਿਆਂ ਵਾਲਾ ਹਿੱਸਾ ਨੀਵਾਂ ਹੋਣ ਕਰਕੇ ਅੱਗੋਂ ਹਵਾ ਸਿੱਧੀ ਘੱਟ ਪੈਂਦੀ ਸੀ। ਕੁਲਦੀਪ ਨੇ ਦੱਸਿਆ ਕਿ ਰੇਸਰ ਸਾਈਕਲ ਕਈ ਤਾਂ ਬੜੇ ਬੜੇ ਮਹਿੰਗੇ ਵੀ ਹੁੰਦੇ ਹਨ ਪਰ ਉਨ੍ਹਾਂ ਨੇ ਸਧਾਰਨ ਕੀਮਤ ਵਾਲੇ ਹੀ ਖ਼ਰੀਦੇ। ਇਨ੍ਹਾਂ ਵਿੱਚੋਂ ਇੱਕ ‘ਸਰਵੇਲੋ’ (Cervelo) ਦੀ ਕੀਮਤ 3,500 ਡਾਲਰ ਹੈ ਅਤੇ ਕਈ ਤਾਂ ਹੋਰ ਵੀ ਬੜੇ ਮਹਿੰਗੇ ਹਨ ਜਿਨ੍ਹਾਂ ਦੀ ਕੀਮਤ 10,000 ਤੋਂ 15,000 ਡਾਲਰ ਤੱਕ ਹੈ।

ਇਸ ਤਰ੍ਹਾਂ ਕਰੋਨਾ-ਕਾਲ ਵਿਚ ਇਨ੍ਹਾਂ 8-9 ਮੈਂਬਰਾਂ ਨੇ ਸੁਗਲੀਆ ਹੀ ਸਾਈਕਲਿੰਗ ਦੀ ਸ਼ੁਰੂਆਤ ਕੀਤੀ ਅਤੇ ਉਹ ਕੈਲੇਡਨ ਟਰੇਲ ‘ਤੇ 20-25 ਕਿਲੋਮੀਟਰ ਦੂਰ ਜਾ ਕੇ ਵਾਪਸ ਮੁੜਦੇ। ਵਾਪਸੀ ‘ਤੇ ਨਾਲ ਲਿਆਂਦਾ ਹੋਇਆ ਭੋਜਨ ਮਿਲ਼ ਕੇ ਛਕਦੇ। ਇੰਜ, ਕਰੋਨਾ ਦਾ ਮੁਸ਼ਕਲ ਸਮਾਂ ਦੌੜ ਅਤੇ ਸਾਈਕਲਿੰਗ ਕਰਦਿਆਂ ਉਨ੍ਹਾਂ ਲਈ ‘ਵਧੀਆ ਪਿਕਨਿਕਾਂ’ ਵਾਂਗ ਲੰਘਿਆ। ਸੀਰੀਅਸ ਸਾਈਕਲਿੰਗ ਅਤੇ ਤੈਰਾਕੀ ਦੀ ਸ਼ੁਰੂਆਤ ਕਰਨ ਬਾਰੇ ਜਦੋਂ ਕੁਲਦੀਪ ਨੂੰ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਇਹ ਕੈਲੇਡਨ ਟਰੇਲ ‘ਤੇ 40-50 ਕਿਲੋਮੀਟਰ ਜਾ ਕੇ ਵਾਪਸ ਆਉਣ ਦੇ ਨਾਲ ਆਰੰਭ ਹੋਇਆ। ਕਈ ਵਾਰ ਉਹ ਮਿਸੀਸਾਗਾ ਰੋਡ ਤੋਂ ਫਰਗੂਸਨ ਤੱਕ ਜਾ ਕੇ ਲੱਗਭੱਗ 100 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਆਉਂਦੇ। ਕਦੇ ਉਹ ਹੈਮਿਲਟਨ ਤੋਂ ਬਰੈਂਟਫੋਰਡ (100 ਕਿਲੋਮੀਟਰ) ਅਤੇ ਕਦੇ ਬਰੈਂਟਫੋਰਡ ਤੋਂ ਪੋਰਟ ਡੋਵਰ (100 ਕਿਲੋਮੀਟਰ) ਜਾ ਆਉਂਦੇ। ਇੱਕ-ਦੋ ਵਾਰੀ ਉਹ ਬਰੈਂਪਟਨ ਤੋਂ ਸੇਂਟ ਕੈਥਰੀਨ ਆਪਣੀਆਂ ਗੱਡੀਆਂ ‘ਤੇ ਜਾ ਕੇ ਅੱਗੋਂ ਨਿਆਗਰਾ ਫ਼ਾਲਜ਼ ਤੱਕ ਸਾਈਕਲਾਂ ‘ਤੇ ਗਏ ਜੋ ਲੱਗਭੱਗ 140 ਕਿਲੋਮੀਟਰ ਬਣਦਾ ਹੈ। ਕੁਲਦੀਪ ਗਰੇਵਾਲ ਨੇ ਦੱਸਿਆ ਕਿ ਸਵਿੰਮਿੰਗ ਦੀ ਪ੍ਰੇਰਨਾ ਉਸਨੂੰ ਤੇ ਹਰਜੀਤ ਸਿੰਘ ਨੂੰ ਬਲਜਿੰਦਰ ਸੇਖੋਂ ਤੋਂ ਮਿਲੀ ਜਿਸ ਦੇ ਮਸ਼ਵਰੇ ‘ਤੇ ਸੱਭ ਤੋਂ ਪਹਿਲਾਂ ਉਨ੍ਹਾਂ ਨੇ ‘ਗੋਰਮੀਡੋਜ਼ ਕਮਿਊਨਿਟੀ ਸੈਂਟਰ’ ਦੇ ਸਵਿੰਮਿੰਗ ਪੂਲ ਵਿੱਚ ਰਾਤ ਦੇ ਨੌਂ ਤੋਂ ਦਸ ਵਜੇ ਜਾਣਾ ਆਰੰਭ ਕੀਤਾ, ਕਿਉਂਕਿ ਉਸ ਸਮੇਂ ਉੱਥੇ ਕੋਈ ਵਿਰਲਾ-ਟਾਵਾਂ ਹੀ ਹੁੰਦਾ ਸੀ। ਉਹ ਦੋਵੇਂ ਪੂਲ ਦੀਆਂ ਖ਼ੂਬ ਗੇੜੀਆਂ ਲਾਉਂਦੇ ਅਤੇ ਤੈਰਨ ਦਾ ਆਪਣਾ ਦਮ ਪੱਕਾ ਕਰਦੇ। ਛੇ ਕੁ ਮਹੀਨੇ ਉੱਥੇ ਅਭਿਆਸ ਕਰਨ ਤੋਂ ਬਾਅਦ ਬਲਜਿੰਦਰ ਸੇਖੋਂ ਨੇ ਉਨ੍ਹਾਂ ਨੂੰ ‘ਕਿਉਐਰੀ’ (Querry) ‘ਤੇ ਜਾ ਕੇ ਤੈਰਨ ਦੀ ਪ੍ਰੈਕਟਿਸ ਕਰਨ ਦੀ ਸਲਾਹ ਦਿੱਤੀ। ਇਹ ‘ਕਿਉਐਰੀ’ ਉਹ ਜਗ੍ਹਾ ਹੈ ਜਿੱਥੋਂ ਧਰਤੀ ਵਿੱਚੋਂ ਪੱਥਰ, ਧਾਤਾਂ ਜਾਂ ਹੋਰ ਲੋੜੀਂਦੇ ਪਦਾਰਥ ਕੱਢੇ ਗਏ ਹੁੰਦੇ ਹਨ ਅਤੇ ਉਸ ਡੂੰਘੀ ਥਾਂ ‘ਤੇ ਪਏ ਪਾੜ ਵਿਚ ਪਾਣੀ ਸਿੰਮ ਕੇ ਭਰ ਜਾਂਦਾ ਹੈ ਜੋ ਹੌਲੀ-ਹੌਲੀ ਇੱਕ ‘ਮਿੰਨੀ ਝੀਲ’ ਦਾ ਰੂਪ ਧਾਰਨ ਕਰ ਜਾਂਦਾ ਹੈ। ਗਰਮੀਆਂ ਦੇ ਮਹੀਨਿਆਂ ਵਿੱਚ ਕੁਲਦੀਪ ਅਤੇ ਹਰਜੀਤ ਦੋਵੇਂ ਇਸ ਮਿੰਨੀ ਝੀਲ ਵਿਚ ਜਾ ਕੇ ਤਾਰੀਆਂ ਲਾਉਣ ਲੱਗ ਪਏ। ਕੁਲਦੀਪ ਨੇ ਦੱਸਿਆ ਇਸ ਕਿਉਐਰੀ ਵਿੱਚ ਤੈਰਦਿਆਂ ਇਸ ਦਾ ਇੱਕ ਚੱਕਰ ਲੱਗਭੱਗ ਤਿੰਨ ਕਿਲੋਮੀਟਰ ਬਣ ਜਾਂਦਾ ਸੀ ਅਤੇ ਉਹ ਇਸ ਦੇ ਕਈ ਕਈ ਚੱਕਰ ਲਾਉਂਦੇ। ਆਖ਼ਰ ਘੱਟੋ-ਘੱਟ ਦੋ/ਢਾਈ ਕਿਲੋਮੀਟਰ ਖੁੱਲ੍ਹੇ ਪਾਣੀ ਵਿੱਚ ਤੈਰਨ ਦਾ ਅਭਿਆਸ ਕਰਨਾ ਸੀ। ਹਾਫ਼-ਮੈਰਾਥਨ ਤੇ ਫ਼ੁੱਲ-ਮੈਰਾਥਨ ਦੌੜਨ ਦਾ ਅਭਿਆਸ ਤਾਂ ਪਹਿਲਾਂ ਹੈ ਈ ਸੀ। ਸਾਈਕਲਿੰਗ ਅਤੇ ਤੈਰਨ ਦੀ ਪ੍ਰੈਕਟਿਸ ਕਰਕੇ ਕੁਲਦੀਪ ਗਰੇਵਾਲ ਨੇ 10 ਜੁਲਾਈ 2022 ਨੂੰ ਅਮਰੀਕਾ ਦੇ ਸ਼ਹਿਰ ਨਿਊਯਾਰਕ ਦੇ ਨੇੜੇ ਪੈਂਦੇ ਸ਼ਹਿਰ ‘ਜਿਨੀਵਾ’ ਵਿੱਚ ਹੋਏ ‘ਹਾਫ਼-ਆਇਰਨਮੈਨ ਮੁਕਾਬਲੇ’ ਵਿੱਚ ਪਹਿਲੀ ਵਾਰ ਭਾਗ ਲਿਆ ਪਰ ਇਸ ਵਿਚ ਕਾਮਯਾਬੀ ਨਾ ਮਿਲੀ। ਅਗਲੇ ਸਾਲ 9 ਜੁਲਾਈ 2023 ਨੂੰ ਦੂਸਰੀ ਵਾਰ ਫਿਰ ਉਹ ਇਸ ਮੁਕਾਬਲੇ ਵਿੱਚ ਸ਼ਾਮਲ ਹੋਇਆ ਪਰ ਸਫ਼ਲਤਾ ਇਸ ਵਾਰ ਵੀ ਹਾਸਲ ਨਾ ਹੋਈ। ਸਕੂਲ ਵਿੱਚ ਦਸਵੀਂ ਜਮਾਤ ਵਿੱਚ ਪੜ੍ਹੀ ਕਹਾਣੀ ‘ਕਿੰਗ ਬਰੈਸ ਐਂਡ ਦ ਸਪਾਈਡਰ’ ਵਾਂਗ ਉਸਨੇ 14 ਜੁਲਾਈ 2024 ਨੂੰ ਨਿਆਗਰਾ ਫ਼ਾਲਜ਼ ਵਿਚ ਹੋਣ ਵਾਲੇ ‘ਹਾਫ਼-ਆਇਰਨਮੈਨ’ ਮੁਕਾਬਲੇ ਲਈ ਤੀਸਰੀ ਵਾਰ ਆਪਣੀ ਰਜਿਸਟ੍ਰੇਸ਼ਨ ਕਰਵਾ ਲਈ। ਇਸ ਵਾਰ ਉਸ ਦੇ ਮਨ ‘ਚ ਇਸ ਮੁਕਾਬਲੇ ਵਿੱਚ ਸਫ਼ਲ ਹੋਣ ਦਾ ਦ੍ਰਿੜ ਨਿਸਚਾ ਸੀ ਅਤੇ ਉਸਨੇ ਇਸ ਦੇ ਲਈ ਮਿਹਨਤ ਵੀ ਕਾਫ਼ੀ ਕੀਤੀ ਹੋਈ ਸੀ। ਉਸ ਨੂੰ ਇਸ ਵਾਰ ‘ਹਾਫ਼-ਆਇਰਨਮੈਨ’ ਬਣਨ ਦੀ ਪੂਰੀ ਆਸ ਸੀ।

ਆਖ਼ਿਰ ਇਸ ‘ਮੁਕਾਬਲੇ’ ਵਾਲਾ 15 ਸਤੰਬਰ 2024 ਦਾ ਉਹ ‘ਸੁਭ-ਦਿਨ’ ਆ ਗਿਆ ਅਤੇ ਉਹ ਆਪਣੇ ਬੇਟਿਆਂ ਰਣਜੀਤ, ਰਾਜਬੀਰ, ਬੇਟੀ ਕਿਰਨਦੀਪ ਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਨਿਆਗਰਾ ਫ਼ਾਲਜ਼ ਦੇ ਨੇੜੇ ਇਸ ਮੁਕਾਬਲੇ ਲਈ ਨਿਸਚਤ ਜਗ੍ਹਾ ‘ਬੈਰਲਮੈਨ ਵੈੱਲਲੈਂਡ ਨਿਆਗਰਾ ਫ਼ਾਲ’ ਪਹੁੰਚ ਗਿਆ। ਪ੍ਰਬੰਧਕਾਂ ਵੱਲੋਂ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਇਸ ਮੁਕਾਬਲੇ ਦਾ ਤੈਰਾਕੀ ਦਾ ਪਹਿਲਾ ਈਵੈਂਟ ਸ਼ੁਰੂ ਹੋਇਆ ਜੋ ਉਸ ਨੇ 58 ਮਿੰਟ 22 ਸਕਿੰਟ ਵਿੱਚ ਪੂਰਾ ਕਰਕੇ ਇਸ ਮੁਕਾਬਲੇ ਦਾ ਸਾਈਕਲਿੰਗ ਵਾਲਾ ਦੂਸਰਾ ਪੜਾਅ ਆਰੰਭ ਕੀਤਾ ਜਿਸ ਨੂੰ 3 ਘੰਟੇ 47 ਮਿੰਟ 43 ਸਕਿੰਟ ਵਿਚ ਪੂਰਾ ਕੀਤਾ ਗਿਆ ਅਤੇ ਇਸ ਮੁਕਾਬਲੇ ਦੇ ਤੀਸਰੇ ਪੜਾਅ ਦੀ 21 ਕਿਲੋਮੀਟਰ ਦੌੜ ਸ਼ੁਰੂ ਕਰ ਦਿੱਤੀ ਜੋ 2 ਘੰਟੇ 53 ਮਿੰਟ 42 ਸਕਿੰਟਾਂ ਵਿੱਚ ਪੂਰੀ ਹੋਈ। ਇਸ ਤਰ੍ਹਾਂ ਇਸ ਮੁਕਾਬਲੇ ਦੇ ਇਹ ਤਿੰਨੇ ਪੜਾਅ 7 ਘੰਟੇ 59 ਮਿੰਟਾਂ ਵਿਚ ਪੂਰੇ ਕਰਕੇ ਜਦੋਂ ਉਹ ‘ਫ਼ਿਨਿਸ਼-ਲਾਈਨ’ ‘ਤੇ ਪਹੁੰਚਿਆ ਤਾਂ ਪ੍ਰਬੰਧਕਾਂ ਵੱਲੋਂ ਉਸਨੂੰ ‘ਹਾਫ਼-ਆਇਰਨਮੈਨ’ ਐਲਾਨਿਆ ਗਿਆ। ਇਸ ਤੋਂ ਅਗਲੇ ਆਪਣੇ ਪਲੈਨ ਬਾਰੇ ਜਦੋਂ ਉਸ ਕੋਲੋਂ ਪੁੱਛਿਆ ਗਿਆ ਤਾਂ ਉਸ ਦਾ ਕਹਿਣਾ ਸੀ ਕਿ ਉਹ ਅੱਗੋਂ ਹੋਰ ਮਿਹਨਤ ਕਰੇਗਾ ਅਤੇ ‘ਫ਼ੁੱਲ-ਆਇਰਨਮੈਨ’ ਮੁਕਾਬਲੇ ਵਿੱਚ ਹਿੱਸਾ ਲੈਣ ਦੀ ਕੋਸ਼ਿਸ਼ ਕਰੇਗਾ। ਆਪਣੀ ਖ਼ੁਰਾਕ ਬਾਰੇ ਉਹ ਦੱਸਦਾ ਹੈ ਕਿ ਉਹ ਦਾਲ਼-ਸਬਜ਼ੀ ਵਾਲਾ ਘਰੇਲੂ ਖਾਣਾ ਪਸੰਦ ਕਰਦਾ ਹੈ ਅਤੇ ਬਾਹਰੋਂ ਕੁਝ ਖਾਣ ਤੋਂ ਪ੍ਰਹੇਜ਼ ਕਰਦਾ ਹੈ। ਅਲਬੱਤਾ, ਸਰੀਰਕ ਸ਼ਕਤੀ ਕਾਇਮ ਰੱਖਣ ਲਈ ਫਲ-ਫ਼ਰੂਟ, ਮੀਟ-ਮੱਛੀ ਅਤੇ ਪ੍ਰੋਟੀਨ-ਸ਼ੇਕ ਲੈਂਦਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪਰਿਵਾਰ ਵੱਲੋਂ ਉਸ ਨੂੰ ਭਰਪੂਰ ਸਹਿਯੋਗ ਮਿਲ਼ ਰਿਹਾ ਹੈ। ਪਰਿਵਾਰ ਵਿੱਚੋਂ ਉਸਦਾ ਪੋਤਰੇ ਏਥਨ ਨੂੰ ਦੌੜਨ ਦਾ ਸ਼ੌਕ ਹੈ ਅਤੇ ਉਹ ਸਕੂਲ ਪੱਧਰ ‘ਤੇ ਹੋਣ ਵਾਲੀਆਂ ਖੇਡਾਂ ਅਤੇ ਹੋਰ ਮੁਕਾਬਲਿਆਂ ਵਿਚ ਅਕਸਰ ਹਿੱਸਾ ਲੈਂਦਾ ਹੈ। ਉਸ ਦਾ ਜਵਾਈ ਕਾਈਲ ਵੀ ‘ਹਾਫ਼-ਮੈਰਾਥਨ’ ਵਿਚ ਭਾਗ ਲੈਂਦਾ ਹੈ।

ਜੀਵਨ ਵਿਚ ਵਾਪਰੀ ਕਿਸੇ ਮਾੜੀ-ਚੰਗੀ ਘਟਨਾ ਬਾਰੇ ਪੁੱਛਣ ‘ਤੇ ਉਸ ਨੇ ਦੱਸਿਆ ਕਿ 2022 ਵਿਚ ਉਸ ਦੇ ਸੱਜੇ ਗੋਡੇ ‘ਤੇ ਸੱਟ ਲੱਗ ਗਈ ਅਤੇ ਲੱਗਭੱਗ ਛੇ ਮਹੀਨੇ ਉਹ ਕੋਈ ਪ੍ਰੈਕਟਿਸ ਨਾ ਕਰ ਸਕਿਆ। ਉਦੋਂ ਕਈ ਵਾਰ ਤਾਂ ਉਸ ਨੂੰ ਲੱਗਦਾ ਸੀ ਕਿ ਪਤਾ ਨਹੀਂ ਅੱਗੋਂ ਇਹ ਹੋ ਵੀ ਸਕੇਗੀ ਕਿ ਨਹੀਂ। ਪਰ ਪ੍ਰਮਾਤਮਾ ਦੀ ਮਿਹਰ ਸਦਕਾ ਫਿਰ ਹੌਲ਼ੀ-ਹੌਲ਼ੀ ਕੰਮ ਰਵਾਂ ਹੋ ਗਿਆ ਅਤੇ ਉਸ ਨੇ ਆਪਣਾ ਅਭਿਆਸ ਦੋਬਾਰਾ ਸ਼ੁਰੂ ਕਰ ਲਿਆ। ਇੱਕ ਵਾਰ ਪੈਰਾਂ ਵਿਚ ਜ਼ੋਰਦਾਰ ਜਲਨ ਹੋਣ ਲੱਗ ਪਈ ਅਤੇ ਇਹ ਇੱਕ ਟਰੈਂਡ ਕਾਇਰੋਪ੍ਰੈਕਟਰ ਦੀ ਮਦਦ ਨਾਲ ਠੀਕ ਹੋਈ। ਮੋਢੇ ਕਦੇ-ਕਦੇ ਦਰਦ ਕਰਨ ਲੱਗ ਪੈਂਦੇ ਹਨ ਪਰ ਉਹ ਇਨ੍ਹਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ ਅਤੇ ਅਭਿਆਸ ਦੀ ਆਪਣੀ ‘ਰੁਟੀਨ’ ਜਾਰੀ ਰੱਖਦਾ ਹੈ। ਕੁਲਦੀਪ ਗਰੇਵਾਲ ਬੜਾ ਹਸਮੁੱਖ ਤੇ ਮਿਲਣਸਾਰ ਹੈ। ਟੀਪੀਏਆਰ ਕਲੱਬ ਦੇ ਮੈਂਬਰਾਂ ਨੂੰ ਬੜੇ ਤਪਾਕ ਨਾਲ ਮਿਲਦਾ ਹੈ। ਸਾਰੇ ਮੈਂਬਰ ਉਸ ਨੂੰ ਪੂਰਾ ਪਿਆਰ ਤੇ ਸਤਿਕਾਰ ਦਿੰਦੇ ਹਨ ਅਤੇ ਉਸ ਦੇ ਲਈ ਆਪਣੇ ਨਿਸ਼ਾਨੇ ਵੱਲ ਅੱਗੇ ਵੱਧਣ ਲਈ ਕਾਮਨਾ ਕਰਦੇ ਹਨ। ਪ੍ਰਮਾਤਮਾ ਉਸ ਨੂੰ ਹੋਰ ਬੁਲੰਦੀਆਂ ਤੱਕ ਪਹੁੰਚਣ ਦੀ ਸਮਰੱਥਾ ਬਖ਼ਸ਼ੇ।

AUTOBAHN
FREIGHT LINES LTD




Now Hiring
Professional AZ Drivers
& Owner Operators
from
TO & WINDSOR, ON TO USA

We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test

We Offer:
• Dedicated lanes from WINDSOR to OH, ILL, MO, GA, TN, KY, OK
Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks

For more information call Paul
416-741-0204
Or email at: pauls@autobahnfreight.com
www.autobahnfreight.com



ShergGill Law Firm
Barrister, Solicitor & Notary Public
A Firm That Acts Big!

Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters

Paramjit Singh Gill (MBA, LL.B.)
Tel: 905-790-3636



2565 Steeles Ave E. Unit #20, Brampton, ON L6T 4L6
Emergency Contact:
416-910-5676
www.shergilllawfirm.ca

## ਭਾਗ-24

# ਤਸਵੀਰ ਜ਼ਿੰਦਗੀ ਦੀ...

ਗੁਆਂਢੀ ਜੋ ਵੀ ਮੂੰਹ ਵਿੱਚ ਆ ਰਿਹਾ ਸੀ ਬੋਲ ਰਹੇ ਸਨ।

ਕੋਈ ਆਖ ਰਿਹਾ ਨਸ਼ਾ ਤਾਂ ਕਰਦਾ ਹੀ ਸੀ,ਕੋਈ ਆਖ ਰਿਹਾ ਸੀ ਵੇਚਦਾ ਹੀ ਹੋਵੇਗਾ ਤਾਂਹੀ ਤਾਂ ਪੁਲਿਸ ਗੇੜੇ ਮਾਰਦੀ ਫਿਰਦੀ ਹੈ...... ਕੋਈ ਕੁਝ ਤੇ ਕੋਈ ਕੁਝ ਜਿੰਨੇ ਮੂੰਹ ਉਨੀਆਂ ਹੀ ਗੱਲਾਂ ਸਨ।

ਪਰ ਵੀਰਪਾਲ ਤੇ ਸੀਤੋ ਚੁੱਪੀ ਸਾਧ ਕੇ ਬੈਠੀਆਂ ਸਨ।

ਹੌਲੀ ਹੌਲੀ ਸਾਰੇ ਆਪਣੇ ਘਰਾਂ ਨੂੰ ਵਾਪਸ ਚਲੇ ਜਾਂਦੇ ਹਨ।

"ਚਲੋ ਚਾਚੀ ਲੋਕਾਂ ਨੇ ਤਾਂ ਗੱਲਾਂ ਕਰਨੀਆਂ ਹੀ ਹੋਈਆਂ ਪਰ ਤੁਸੀਂ ਦਿਲ ਉੱਤੇ ਨਾ ਲਾਈਉ , ਆਪੇ ਦੋ ਦਿਨ ਬੋਲ ਕੇ ਚੁੱਪ ਕਰ ਜਾਣਗੇ।"ਗੁਰਨਾਮ ਉਨ੍ਹਾਂ ਨੂੰ ਸਮਝਾਉਣ ਲੱਗ ਜਾਂਦਾ ਹੈ।

"ਕੋਈ ਨਾ ਪੁੱਤ ਨਾਨਕ ਨੇ ਮੌਕਾ ਦਿੱਤਾ ਤਾਹੀਂਉਂ ਤਾਂ ਲੋਕ ਬੋਲ ਰਹੇ ਹਨ ਨਹੀਂ ਤਾਂ ਕਿਸੇ ਦੀ ਮਜ਼ਾਲ ਸੀ ਬੋਲ ਜਾਂਦਾ। "

( ਗੁਰਨਾਮ ਤੇ ਭਜਨ ਸਿੰਘ ਵੀ ਚਲੇ ਜਾਂਦੇ ਹਨ)

"ਬੇਬੇ ਅੱਜ ਸ਼ਨੀਵਾਰ ਹੈ ਤੇ ਕੁੜੀਆਂ ਦਾ ਫੋਨ ਆਉਣ ਵਾਲਾ ਹੀ ਹੈਂ ਤੂੰ ਬਿਲਕੁਲ ਵੀ ਉਹਨਾਂ ਨੂੰ ਨਾ ਦੱਸੀ ਨਹੀਂ ਤਾਂ ਪਰਦੇਸਾਂ ਵਿੱਚ ਬੈਠੀਆਂ ਐਵੇਂ ਔਖੀਆਂ ਹੋਣਗੀਆਂ ਕੀ ਪਤਾ ਕੱਲ ਨੂੰ ਨਾਨਕ ਵਾਪਸ ਹੀ ਆ ਜਾਵੇ, ਆਇਆ ਤਾਂ ਉਹਨਾਂ ਤੋਂ ਜਲਦੀ -ਜਲਦੀ ਜਾਣਾ ਨਹੀਂ ਉੱਥੇ ਬੈਠੀਆਂ ਤੜਫੀ ਜਾਣਗੀਆਂ। " ਵੀਰਪਾਲ ਸੀਤੋ ਨੂੰ ਸਮਝਾ ਰਹੀ ਸੀ।

(ਇੰਨੇ ਵਿੱਚ ਹੀ ਫੋਨ ਦੀ ਘੰਟੀ ਵੱਜਦੀ ਹੈ)

"ਲੈ ਆ ਗਿਆ ਫੋਨ ਲੰਮੀਆਂ ਉਮਰਾਂ ਵਾਲੀਆਂ ਦਾ........!"

"ਮਾਂ ਸਤਿ ਸ੍ਰੀ ਅਕਾਲ.... ! "

"ਸਤਿ ਸ੍ਰੀ ਅਕਾਲ ਪੁੱਤ ਕੀ ਹਾਲ ਹੈ.....?"

"ਸਭ ਠੀਕ ਹੈ ਤੁਸੀਂ ਦੱਸੋ ਨਾਨਕ ਦਾ ਬੇਬੇ ਦਾ ਕੀ ਹਾਲ ਹੈ,ਕਿਵੇਂ ਹੈ ਉਹ.........?

"ਸਾਰੇ ਠੀਕ ਹਨ ਪੁੱਤ.......!"

"ਮਾਂ ਨਾਨਕ ਨਾਲ ਗੱਲ ਕਰਵਾ, ਕਈ ਦਿਨ ਹੋ ਗਏ ਉਸ ਨਾਲ ਗੱਲ ਹੋਈ ਨੂੰ.......!"

"ਰਾਣੋ ਪੁੱਤ ਉਹ ਤਾਂ ਪੈ ਗਿਆ.....!"

" ਕਿਵੇਂ ਅੱਜ ਛੇਤੀ ਹੀ ਪੈ ਗਿਆ, ਉਸਦੀ ਤਬੀਅਤ ਤਾਂ ਠੀਕ ਹੈ।"

" ਹਾਂ .....ਹਾਂ ਪੁੱਤ ਬਿਲਕੁਲ ਠੀਕ ਹੈ ਖੇਤਾਂ ਵਿੱਚ ਕੰਮ ਕਰਦਾ ਥੱਕ ਜਾਂਦਾ ਹੈ ਪੰਚਾਇਤੀ ਜਮੀਨ ਵੀ ਆਪਣੇ ਕੋਲ ਠੇਕੇ ਉੱਤੇ ਹੈ ਲਗਭਗ ਦਸ ਕਿਲਿਆਂ ਦੀ ਵਾਹੀ ਹੋ ਜਾਂਦੀ ਹੈ ,ਇਕੱਲਾ ਹੋਣ ਕਾਰਨ ਬਸ ਹੋਰ ਕੁਝ ਨਹੀਂ ਪੁੱਤ ਸਭ ਠੀਕ ਹੈ।"

" ਤੂੰ ਢਿੱਲੀ -ਢਿੱਲੀ ਕਿਉਂ ਬੋਲਦੀ ਹੈ, ਮੈਨੂੰ ਇੰਝ ਲੱਗਦਾ ਹੈ ਜਿਵੇਂ ਸਾਡੇ ਤੋਂ ਕੋਈ ਗੱਲ ਲਕੋਦੀ ਹੋਵੇ।"

"ਨਹੀਂ ਰਾਣੋ ਐਵੇਂ ਹੀ ਤੈਨੂੰ ਲੱਗਦਾ ਹੈ ਅਜਿਹੀ ਤਾਂ ਕੋਈ ਗੱਲ ਨਹੀਂ।"

" ਬੀਬੀ ਰੱਖੜੀਆਂ ਤਾਂ ਮਿਲ ਗਈਆਂ ਹੋਣੀਆਂ ਹਨ......? "

" ਹਾਂ ਪੁੱਤ ਮਿਲ ਗਈਆਂ ਹਨ। "

" ਸਵੇਰੇ ਦਸ ਵਜੇ ਤੋਂ ਬਾਅਦ ਆਖੀ ਬੰਨ੍ਹੇਗਾ, ਆਹੀ ਟਾਇਮ ਕੱਢਿਆ ਹੈ ਪੰਡਿਤਾਂ ਨੇ.....!"

"ਠੀਕ ਹੈ ਪੁੱਤ ਠੀਕ ਹੈ ਨਾਲੇ ਮੈ ਤੁਹਾਡੀ ਗੱਲ ਵੀ ਕਰਵਾ ਦੇਵਾਂਗੀ।"

" ਚੰਗਾ ਮਾਂ ਫੇਰ ਰੱਖਦੀ ਹਾਂ ਤੂੰ ਧਿਆਨ ਰੱਖਿਆ ਕਰ ਆਪਣਾ।"

"ਠੀਕ ਹੈ ਤੁਸੀਂ ਵੀ ਧਿਆਨ ਰੱਖਿਆ ਕਰੋ।"

"ਸਾਡੇ ਵੱਲੋਂ ਤੂੰ ਬੇਫਿਕਰ ਰਿਹਾ ਕਰ ਮਾਂ, ਆਖ



ਫੋਨ ਰੱਖ ਦਿੰਦੀ ਹੈ।"

"ਵੀਰਪਾਲ ਜਦੋ ਕੱਲ੍ਹ ਨੂੰ ਪਤਾ ਲੱਗਾ ਤਾਂ ਕੀ ਜਵਾਬ ਦੇਵੇਂਗੀ ਕੁੜੀਆਂ ਨੂੰ......?"

ਵੀਰਪਾਲ ਬਿਨਾਂ ਕੁਝ ਬੋਲੇ ਹੀ ਬੈਠੀ ਰਹਿੰਦੀ ਹੈ।

"ਚੱਲ ਬੇਬੇ ਰੋਟੀ ਖਾਂ ਲੈ....ਤੂੰ ਵੀ ਸਵੇਰ ਦਾ ਕੁਝ ਨਹੀਂ ਖਾਂਦਾ"

" ਵੀਰਪਾਲ ਚਿੱਤ ਹੀ ਨਹੀਂ ਕਰਦਾ ਮੇਰਾ ਭੁੱਖ ਤਾਂ ਜਿਵੇਂ ਮਰ ਹੀ ਗਈ ਹੈ।"

"ਨਾ ਬੇਬੇ ਮੈਂ ਭੁੱਖੇ ਨਹੀਂ ਪੈਣ ਦੇਣਾ ਮੈਂ ਵੀ ਤਾਂ ਮਾਂ ਹੋ ਕੇ ਰੋਟੀ ਖਾਂ ਰਹੀ ਹੈ, ਚੱਲ ਮੇਰੀ ਬੇਬੇ ਬਣਕੇ ਖਾਂ ਲਾ... ਫੇਰ ਸੋਚਦੇ ਹਾਂ ਅੱਗੇ ਕੀ ਕਰਨਾ ਹੈ.......?"

(ਦੋਵੇਂ ਇੱਕ ਦੂਜੇ ਨੂੰ ਹੌਸਲਾ ਦੇਈ ਜਾਂਦੀਆ ਸਨ ,ਪਰ ਅੰਦਰੋ ਡਰੀਆਂ ਪਈਆਂ ਸਨ ਕਿ ਕੱਲ੍ਹ ਕੀ ਬਣੇਗਾ। ਦੋਵੇਂ ਗੱਲਾਂ ਕਰਦੀ ਪੈ ਜਾਂਦੀਆਂ ਹਨ)

ਸਵੇਰੇ ਮੂੰਹ ਹਨੇਰੇ ਹੀ ਪੁਲਿਸ ਫਿਰ ਆ ਬੂਹਾ ਖੜਕਾਉਂਦੀ ਹੈ।

"ਕੋਣ ਹੈ ਭਾਈ.......? "

"ਬੂਹਾ ਖੋਲ੍ਹੋ ਪੁਲਿਸ ਹੈ........!"

"ਬੂਹਾ ਖੋਲ੍ਹਦੇ ਹੀ, "ਹਾਂ ਬੀਬੀ ਆ ਗਿਆ ਤੇਰਾ ਪੁੱਤਰ..........!"

"ਕੱਲ੍ਹ ਵਾਲਾ ਹੀ ਜਵਾਬ ਹੈ ਸਰਦਾਰ ਜੀ ਲ

ਲਉ ਤਲਾਸ਼ੀ।"ਵੀਰਪਾਲ ਜਵਾਬ ਦਿੰਦੀ ਹੈ।

" ਤਲਾਸ਼ੀ ਵੀ ਲੈ ਲਵਾਂਗਾ ਤੂੰ ਫਿਕਰ ਨਾ ਕਰ ਬੀਬੀ ਤੇਰੀਆਂ ਸਾਰੀਆਂ ਹੀ ਰੀਝਾਂ ਪੂਰੀਆਂ ਕਰ ਦੇਵਾਂਗਾ...... ਇੱਕ ਵਾਰੀ ਹੱਥ ਤਾਂ ਆਉਣ ਦੇ।" ਹਵਾਲਦਾਰ ਥੋੜ੍ਹਾ ਜਿਹਾ ਗੁੱਸੇ ਵਿੱਚ ਬੋਲਦਾ ਹੈ।

"ਮੈਂ ਤੁਹਾਨੂੰ ਕੱਲ੍ਹ ਵੀ ਆਖਿਆ ਸੀ ,ਵੀਰ ਜੀ ਮੇਰੇ ਨਾਲ ਢੰਗ ਨਾਲ ਹੀ ਗੱਲ ਕਰਿਆ ਕਰੋ।"

"ਗੱਲ ਤਾਂ ਢੰਗ ਨਾਲ ਹੀ ਕਰੀਂ ਜਾਂਦੇ ਹਾਂ ਬੀਬੀ..... ਤੂੰ ਮੈਨੂੰ ਇਹ ਦੱਸ ਕੋਈ ਆਇਆ ਫੋਨ ਤੇਰੇ ਪੁੱਤ ਦਾ ,........ਦੱਸਿਆ ਹੈ ਕਿੱਥੇ ਹੈ ਉਹ?"

"ਨਹੀਂ ਆਇਆ ਜੀ.......!"

(ਹਾਲੇ ਗੱਲ ਚੱਲ ਹੀ ਰਹੀ ਸੀ ਕਿ ਬਦਮਾਸ਼ਾਂ ਦਾ ਟੋਲਾ ਦੋ ਗੱਡੀਆਂ ਭਰਕੇ ਆ ਜਾਂਦਾ ਹੈ)

"ਉਏ ਬੱਲੇ ਸਰਦਾਰ ਸਾਹਿਬ ਤੁਸੀਂ ਵੀ ਇੱਥੇ ਹੀ ਹੋ। "

"ਆਉ ਜੀ ਆਉ ਸਰਦਾਰ ਬਘੇਲ ਸਿੰਘ ਜੀ...... ਅਸੀਂ ਤੁਹਾਡਾ ਹੀ ਇੰਤਜ਼ਾਰ ਕਰ ਰਹੇ ਸੀ"

" ਦੱਸਿਆ ਕੁਝ ਬੀਬੀਆਂ ਨੇ ਕਿ ਨਹੀਂ....!"

" ਨਹੀਂ ਕੁਝ ਵੀ ਨਹੀਂ ਦੱਸਿਆ। "

"ਹਾਂ ਬੀਬੀ ਕਿੱਥੇ ਹੈ ਤੇਰਾ ਪੁੱਤਰ? "ਬਘੇਲ ਸਿੰਘ ਨੇ ਵੀਰਪਾਲ ਨੂੰ ਪੁੱਛਿਆ.... ।

" ਸਾਨੂੰ ਤਾਂ ਇਹ ਹੀ ਆਖ ਕੇ ਗਿਆ ਸੀ ਕਿ ਤੁਹਾਨੂੰ ਮਿਲਣ ਲਈ ਚੱਲਿਆ ਹੈ,ਪਰ ਉਸ ਤੋ ਬਾਅਦ ਹਾਲੇ ਤੱਕ ਵਾਪਸ ਨਹੀਂ ਆਇਆ ਤੁਸੀਂ ਦੱਸੋ ਮੇਰਾ ਮੁੰਡਾ ਕਿੱਥੇ ਹੈ......?"

" ਵੇਖ ਬੀਬੀ ਸਵਾਲ ਦੇ ਬਦਲੇ ਸਵਾਲ ਨਹੀਂ ਕਰਦੇ ਬਲਕਿ ਜਵਾਬ ਦਿੰਦੇ ਹੁੰਦੇ ਹਨ। "

"ਉਹੀ ਤਾਂ ਮੈਂ ਕਹਿ ਰਹੀ ਹਾਂ, ਤੂੰ ਦੱਸ ਮੇਰਾ ਮੁੰਡਾ ਕਿੱਥੇ ਹੈ......? "

"ਵੇਖ ਬੀਬੀ ਗੁੱਸਾ ਨਾ ਦਵਾਂ ਸਾਨੂੰ ਇਹ ਦੋ ਚਾਰ ਹਜ਼ਾਰ ਰੁਪਏ ਦੀ ਗੱਲ ਨਹੀਂ ਬਲਕਿ ਕਈ ਕਰੋੜਾਂ ਰੁਪਇਆ ਦੀ ਹੈ ਜਾਂ ਤਾਂ ਮੇਰਾ ਮਾਲ ਦਿਉ ਨਹੀਂ , ਤਾਂ ਮੁੰਡਾ ਦਿਉ ਕਿੱਥੇ ਹੈ ਮੈਂ ਉਸ ਤੋ ਆਪੇ ਹੀ ਪੁੱਛ ਲਾਵਾਂਗੇ।"

"ਦਿਉ ਜਵਾਬ ਜਿਹੜੇ ਸਵਾਲ ਪੁੱਛੇ ਹਨ ਸਰਦਾਰ ਜੀ" ਵਿਚਾਲਿਉਂ ਹਵਾਲਦਾਰ ਬੋਲ ਪੈਂਦਾ ਹੈ।

( ਇੰਨੇ ਸਮੇਂ ਵਿੱਚ ਗੁਰਨਾਮ ਸਰਪੰਚ ਨੂੰ ਨਾਲ ਲੈ ਨਾਨਕ ਦੇ ਘਰੇ ਪਹੁੰਚ ਜਾਂਦਾ ਹੈ)

"ਸਰਦਾਰ ਜੀ ਇੰਨਾ ਵਿਚਾਰੀਆਂ ਨੂੰ ਕੁਝ ਵੀ ਨਹੀਂ ਪਤਾ।"ਗੁਰਨਾਮ ਥਾਣੇਦਾਰ ਨੂੰ ਕਹਿੰਦਾ ਹੈ। "

ਥਾਣੇਦਾਰ ਗੁੱਸੇ ਵਿੱਚ ਬੋਲਦਾ, "ਤੂੰ ਕੋਣ ਹੈ ਉਏ ਵਿੱਚ ਬੋਲਣ ਵਾਲਾ ਵਕੀਲ ਹੈ ਇਹਨਾਂ ਦਾ ਤੈਨੂੰ ਨਹੀਂ ਪਤਾ ਜਦੋਂ ਪੁੱਛਗਿੱਛ ਚੱਲ ਰਹੀ ਹੋਵੇ ਵਿੱਚ ਨਹੀਂ ਬੋਲੀ ਦਾ। "

"ਮੈਂ ਸਮਝਾਵਾਂ ਸਾਹਿਬ ਜੀ ਇਹਨੂੰ ਆਪਣੇ ਢੰਗ ਨਾਲ.....!"

" ਨਹੀਂ ...ਤੂੰ ਬਾਹਲਾ ਕਾਹਲਾ ਨਾ ਪੈ ਜਾਇਆ ਕਰ, ਮੈਂ ਗੱਲ ਕਰਦਾ ਹਾਂ। "

" ਸਰਪੰਚ ਸਾਹਿਬ ਅਸੀਂ ਪੁੱਛਗਿੱਛ ਕਰਨੀ ਹੈ, ਤੁਸੀਂ ਇਹਨੂੰ ਲੈਕੇ ਜਾਉ ਜੀ,ਉਸ ਦਿਨ ਵੀ ਤੁਹਾਡੇ ਕਰਕੇ ਹੀ ਰਹਿ ਗਿਆ ਸੀ,ਨਸ਼ੇ ਦਾ ਮਾਮਲਾ ਹੈ ਉੱਤੋ ਸਰਕਾਰਾਂ ਵੀ ਦਬਾ ਪਾਈ ਜਾਂਦੀਆਂ ਹਨ, ਗੱਲ ਮੁੱਕ ਜਾਵੇ ਤਾਂ ਠੀਕ ਹੈ ਨਹੀਂ ਤਾਂ ਪੁਲਿਸ ਸਟੇਸ਼ਨ ਲੈ ਕੇ ਜਾਣਾ ਪੈਣਾ ਹੈ ਇਹਨਾਂ ਨੂੰ............. ਘਰੇ ਹੀ ਦੱਸ ਦੇਣ ਤਾਂ ਠੀਕ ਹੈ।"

"ਸਰਦਾਰ ਜੀ ਸਾਡਾ ਜਵਾਬ ਹੁਣ ਵੀ ਪਹਿਲਾਂ ਵਾਲਾ ਹੀ ਹੈ ਕਿ ਸਾਨੂੰ ਕੁਝ ਵੀ ਨਹੀਂ ਪਤਾ।"

(ਸਰਪੰਚ ਗੁਰਨਾਮ ਨੂੰ ਨਾਲ ਲੈ ਕੇ ਥਾਣੇਦਾਰ ਦੀ ਗੱਲ ਮੰਨ ਥੋੜ੍ਹੀ ਦੇਰ ਉਹਨਾਂ ਨਾਲ ਗੱਲ ਕਰਨ ਲਈ ਇਕੱਲੇ ਛੱਡ ਕੇ ਚਲਾ ਜਾਂਦਾ ਹੈ)

ਚੱਲਦਾ...

ਸੰਦੀਪ ਦਿਉੜਾ,
84375-56667



# ਅੱਜ ਨੂੰ ਜੀਓ ਅਤੇ ਹਰ ਪਲ
# ਖੁਸ਼ਹਾਲ ਬਣਾਓ



ਜ਼ਿੰਦਗੀ ਦੇ ਹਰ ਪਲ 'ਚ ਅਸਲ ਖੁਸ਼ੀ ਨੂੰ ਮਹਿਸੂਸ ਕਰਨ ਅਤੇ ਅੱਜ ਦੇ ਦਿਨ ਨੂੰ ਮਾਣਨ ਦਾ ਅਹਿਸਾਸ ਅਜਿਹਾ ਸਬਕ ਹੈ, ਜੋ ਜ਼ਿੰਦਗੀ ਦੇ ਹਰ ਮੋੜ 'ਤੇ ਸਾਨੂੰ ਸਿਖਿਆ ਦਿੰਦਾ ਹੈ। ਅਕਸਰ ਅਸੀਂ ਚੰਗੇ ਦਿਨਾਂ ਦੀ ਉਡੀਕ ਕਰਦੇ-ਕਰਦੇ ਆਪਣੇ ਮੌਜੂਦਾ ਪਲਾਂ ਨੂੰ ਵੀ ਗੁਆ ਬੈਠਦੇ ਹਾਂ। ਇਸ ਹਕੀਕਤ ਨੂੰ ਸਮਝਣ 'ਚ ਕਈ ਵਾਰ ਸਾਡੀ ਸਾਰੀ ਉਮਰ ਲੰਘ ਜਾਂਦੀ ਹੈ ਕਿ ਜਿਹੜੇ ਦਿਨ ਬੀਤ ਗਏ, ਉਹ ਹੀ ਸਾਡੇ ਲਈ ਚੰਗੇ ਦਿਨ ਸਨ।

ਅੱਜ ਨੂੰ ਮਾਣਨਾ ਕਿਉਂ ਜ਼ਰੂਰੀ ਹੈ, ਇਹ ਸਵਾਲ ਸਾਡੀ ਜ਼ਿੰਦਗੀ ਦੀਆਂ ਬਹੁਤੀਆਂ ਗੁਥੀਆਂ ਨੂੰ ਸੁਲਝਾ ਸਕਦਾ ਹੈ ਕਿਉਂਕਿ ਅੱਜ ਹੀ ਇੱਕ ਅਜਿਹਾ ਮੌਕਾ ਹੈ, ਜੋ ਕਦੇ ਮੁੜ ਨਹੀਂ ਆਵੇਗਾ। ਕਈ ਵਾਰ ਅਸੀਂ ਭਵਿੱਖ ਦੀ ਚਿੰਤਾ 'ਚ ਆਪਣੇ ਵਰਤਮਾਨ ਨੂੰ ਨਜ਼ਰਅੰਦਾਜ਼ ਕਰਦੇ ਹਾਂ। ਉਦਾਹਰਨ ਵਜੋਂ, ਕਿਸੇ ਵਿਦਿਆਰਥੀ ਨੂੰ ਹੀ ਲੈ ਲਈਏ ਜੋ ਇਹ ਸੋਚਦਾ ਹੈ ਕਿ ਜਦੋਂ ਉਹ ਵਧੀਆ ਨੰਬਰ ਲਿਆਏਗਾ ਤਾਹੀਂ ਵਧੀਆ ਨੌਕਰੀ ਕਰੇਗਾ ਅਤੇ ਫੇਰ ਹੀ ਉਹ ਖੁਸ਼ ਹੋਵੇਗਾ। ਪਰ ਇਸ ਚਿੰਤਾ ਵਿੱਚ ਉਹ ਆਪਣੇ ਵਿਦਿਆਰਥੀ ਜੀਵਨ ਦੇ ਮਿੱਠੇ ਪਲਾਂ ਨੂੰ ਅਣਡਿੱਠਾ ਕਰ ਦੇਂਦਾ ਹੈ, ਜੋਕਿ ਮੁੜ ਨਹੀਂ ਆਉਣੇ।

ਸਮੇਂ ਦੀ ਇੱਕ ਅਜੀਬ ਗਲ੍ਹ ਹੈ। ਇਹ ਹਮੇਸ਼ਾ ਅੱਗੇ ਵਧਦਾ ਹੈ। ਸਾਡੇ ਕੋਲ ਓਸਨੂੰ ਪਿੱਛੇ ਮੋੜਕੇ ਵੇਖਣ ਦੀ ਕੋਈ ਤਾਕਤ ਨਹੀਂ। ਜੇਕਰ ਅਸੀਂ ਵਰਤਮਾਨ ਨੂੰ ਚੰਗੀ ਤਰ੍ਹਾਂ ਜ਼ਿੰਦਗੀ ਵਿੱਚ ਲਿਆਉਣ ਦਾ ਜਤਨ ਕਰੀਏ, ਤਾਂ ਸਾਨੂੰ ਭਵਿੱਖ ਦੀ ਚਿੰਤਾਂ ਕਰਨ ਦੀ ਲੋੜ ਨਹੀਂ ਪਵੇਗੀ। ਬਹੁਤ ਵਾਰ ਅਸੀਂ ਸੋਚਦੇ ਹਾਂ ਕਿ ਸਾਡੀ ਖੁਸ਼ੀ ਕਿਸੇ ਵੱਡੇ ਮੌਕੇ ਜਾਂ ਕਿਸੇ ਵਿਸ਼ੇਸ਼ ਦਿਨ ਤੇ ਨਿਰਭਰ ਕਰਦੀ ਹੈ। ਪਰ ਸੱਚਾਈ ਇਹ ਹੈ ਕਿ ਖੁਸ਼ੀ ਸਿਰਫ਼ ਅੱਜ ਦੇ ਪਲ ਵਿੱਚ ਹੀ ਹੈ।

ਜਦੋਂ ਅਸੀਂ ਅੱਜ ਨੂੰ ਮਾਣਦੇ ਹਾਂ, ਓਦੋਂ ਹੀ ਸਾਡੀ ਜ਼ਿੰਦਗੀ ਦਾ ਹਰ ਪਲ ਕੀਮਤੀ ਬਣ ਜਾਂਦਾ ਹੈ। ਜੇ ਅਸੀਂ ਆਪਣੇ ਅੱਜ ਨੂੰ ਖੁਸ਼ਹਾਲ ਬਣਾਵਾਂਗੇ, ਤਾਂ ਬੀਤੇ ਦਿਨ ਆਪਣੇ ਆਪ ਚੰਗੇ ਬਣ ਜਾਣਗੇ।

ਸੋ ਅੱਜ ਹੀ ਸਾਨੂੰ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਵਰਤਮਾਨ ਪਲਾਂ ਦਾ ਮਾਣ ਕਰਾਂਗੇ। ਚੰਗੇ ਦਿਨਾਂ ਦੀ ਉਡੀਕ ਛੱਡਕੇ ਅਸੀਂ ਅੱਜ ਨੂੰ ਚੰਗਾ ਬਣਾਉਣ ਦੀ ਕੋਸ਼ਿਸ਼ ਕਰੀਏ। ਜੇਕਰ ਅਸੀਂ ਆਪਣੇ ਆਪ ਨੂੰ ਅੱਜ ਦੇ ਦਿਨ ਲਈ ਸਮਰਪਿਤ ਕਰਾਂਗੇ, ਤਾਂ ਸਾਡਾ ਹਰ ਦਿਨ, ਹਰ ਪਲ ਚੰਗਾ ਬਣ ਜਾਵੇਗਾ ਫੇਰ ਹਰ ਖ਼ੁਸ਼ੀ ਸਾਡੇ ਕਦਮਾਂ 'ਚ ਹੋਵੇਗੀ।

ਪਲਕਪ੍ਰੀਤ ਕੌਰ ਬੇਦੀ
ਕੇ,ਐਮ.ਵੀ. ਕਾਲਜੀਏਟ
ਸੀਨੀਅਰ ਸੈਕੰਡਰੀ ਸਕੂਲ,
ਜਲੰਧਰ




# ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ 'ਤੇ ਪਹੁੰਚਣ ਅਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ, ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸ਼ਹੀਦ ਹੋਏ ਸਮੂਹ ਸਿੰਘਾਂ/ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੇਠ ਲਿਖੇ ਪ੍ਰੋਗਰਾਮ ਮੁਤਾਬਿਕ ਹੋਵੇਗੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

### ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਅਰੰਭ 23 ਦਸੰਬਰ ਦਿਨ ਸੋਮਵਾਰ
### ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 25 ਦਸੰਬਰ ਦਿਨ ਬੁੱਧਵਾਰ

ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮੇਨ ਹਾਲ ਵਿੱਚ ਪਾਏ ਜਾਣਗੇ।
ਸਮੂਹ ਸੰਗਤ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰਦੁਆਰਾ ਸਾਹਿਬ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

ਹੋਰ ਜਾਣਕਾਰੀ ਲਈ

ਗੁਰਪ੍ਰੀਤ ਸਿੰਘ ਉੱਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ ਰਜੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜਾਗੋ ਵਿੱਚ ਤੇਲ ਮੁੱਕਿਆ

## ਕੋਈ ਪਾਊਗਾ ਨਸੀਬਾਂ ਵਾਲਾ



ਜਸਵਿੰਦਰ ਸਿੰਘ ਰੁਪਾਲ
9814715796

ਜਾਗੋ ਸਾਡੇ ਪੰਜਾਬੀ ਸਭਿੱਆਚਾਰ ਦਾ ਇੱਕ ਮਜਬੂਤ ਅੰਗ ਹੈ,ਜੋ ਸਦੀਆਂ ਤੋਂ ਸੁਰੂ ਹੋਈ ਅੱਜ ਤੱਕ ਤੁਰੀ ਆ ਰਹੀ ਹੈ। ਉਸ ਦਾ ਰੂਪ ਅਤੇ ਭਾਵਨਾ ਬਦਲ ਗਈ ਹੈ। ਭਾਵੇਂ ਰਸਮ ਰੂਪ ਵਿੱਚ ਹੀ ਹੈ,ਪਰ ਅੱਜ ਵੀ ਇਹ ਸਾਡੇ ਦਿਲਾਂ ਵਿੱਚ ਵਸਦੀ ਹੈ ਅਤੇ ਇਸ ਤੋਂ ਬਿਨਾਂ ਕੋਈ ਵਿਆਹ ਸੰਪੂਰਨ ਨਹੀਂ ਮੰਨਿਆ ਜਾ ਸਕਦਾ। ਪਹਿਲਾਂ ਇਹ ਸਿਰਫ਼ ਮੁੰਡੇ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਕੱਢੀ ਜਾਂਦੀ ਸੀ ਅਤੇ ਸਿਰਫ਼ ਔਰਤਾਂ ਹੀ ਜਾਗੋ ਕੱਢਦੀਆਂ ਸਨ,ਪਰ ਹੁਣ ਇਹ ਕੁੜੀਆਂ ਦੇ ਵਿਆਹ ਵਿੱਚ ਵੀ ਕੱਢੀ ਜਾਣ ਲੱਗੀ ਹੈ ਅਤੇ ਗੱਭਰੂ ਵੀ ਇਸ ਵਿੱਚ ਸਾਮਿਲ ਹੁੰਦੇ ਹਨ।

ਇਕੱਠੇ ਹੋਏ ਰਿਸ਼ਤੇਦਾਰ ਦੇਰ ਬਾਅਦ ਮਿਲੇ ਹੁੰਦੇ ਹਨ। ਆਪਸ ਵਿੱਚ ਇੱਕ ਦੂਜੇ ਦੇ ਦੁੱਖ ਸੁੱਖ ਸਾਂਝੇ ਕਰਦੇ ਹਨ। ਪਹਿਲੇ ਸਮਿਆਂ ਵਿੱਚ ਵਿਆਹ ਦੇ ਬਹੁਤੇ ਕੰਮ ਅਤੇ ਤਿਆਰੀ ਆਪ ਹੀ ਕੀਤੀ ਜਾਂਦੀ ਸੀ। ਮਰਦਾਂ ਨੇ ਬਾਹਰਲੇ ਕੰਮ ਕਰਨੇ ਹੁੰਦੇ ਸਨ ਅਤੇ ਔਰਤਾਂ ਨੇ ਅੰਦਰੂਨੀ। ਕੁਝ ਕੰਮ ਹਲਵਾਈ ਸੰਭਾਲ ਲੈਂਦਾ ਸੀ ਜੋ ਵਿਆਹ ਤੋਂ 2-3 ਦਿਨ ਪਹਿਲਾਂ ਕੜਾਹੀ ਚੜ੍ਹਨ ਵੇਲੇ ਤੋਂ ਬੈਠਾ ਹੁੰਦਾ ਸੀ। ਸ਼ਾਮ ਨੂੰ ਕੰਮ ਦੀ ਥਕਾਵਟ ਲਾਹੁਣ ਲਈ ਵੀ ਅਤੇ ਸਾਰੇ ਪਿੰਡ ਨੂੰ ਵਿਆਹ ਬਾਰੇ ਦੱਸਣ ਲਈ ਵੀ ਜਾਗੋ ਕੱਢੀ ਜਾਂਦੀ ਸੀ..।

ਇੱਕ ਘੜੇ ਦੇ ਮੂੰਹ ਤੇ ਕੁਝ ਆਟੇ ਦੇ ਦੀਵੇ ਰੱਖੇ ਜਾਂਦੇ ਹਨ। ਇਸ ਜਗਦੇ ਦੀਵਿਆਂ ਵਾਲੇ ਖੂਬਸੂਰਤ ਘੜੇ ਦਾ ਨਾਂ ਹੀ ਜਾਗੋ ਹੈ,ਇਹ ਵਿਆਹ ਵਾਲੇ ਮੁੰਡੇ ਦੀ ਮਾਮੀ ਦੇ ਸਿਰ ਤੇ ਰੱਖੀ ਹੁੰਦੀ ਹੈ ।ਇਸਦੇ ਨਾਲ ਘੁੰਗਰੂ ਬੰਨ੍ਹਿਆਂ ਸੋਟਾ ਵੀ ਹੁੰਦਾ ਹੈ ਜਿਸ ਤੇ ਸ਼ਗਨਾਂ ਦਾ ਲਾਲ ਕੱਪੜਾ ਬੰਨ੍ਹ ਲਿਆ ਜਾਂਦਾ ਹੈ। ਇਸ ਨੂੰ ਧਰਤੀ ਤੇ ਬਾਰ ਬਾਰ ਪਟਕਾਉਂਦੇ ਰਹਿਣ ਨਾਲ ਇਹ ਗਿੱਧੇ ਦੀਆਂ ਬੋਲੀਆਂ ਅਤੇ ਤਾਲ ਨਾਲ,ਅੱਡੀਆਂ ਦੀ ਧਮਾਲ ਨਾਲ ਇੱਕ ਬੱਝਵਾਂ ਸੰਗੀਤ ਪੈਦਾ ਕਰਦਾ ਹੈ। ਬੋਲੀਆਂ ਤੇ ਗਿੱਧੇ ਦੀ ਧਮਾਲ ਨਾਲ ਜਾਗੋ ਵਿਆਹ ਵਾਲੇ ਘਰੋਂ ਪਿੰਡ ਵੱਲ ਚਲ ਪੈਂਦੀ ਹੈ।

"ਜਾਗੋ ਕੱਢਣੀ ਮੜ੍ਹਕ ਨਾਲ ਤੁਰਨਾ,ਨੀ ਵਿਆਹ ਕਰਤਾਰੇ ਦਾ। "

"ਜੱਟਾ, ਜਾਗ ਬਈ, ਓ ਹੁਣ ਜਾਗੋ ਆਈ ਆ
ਚੁੱਪ ਕਰ ਬੀਬੀ ਮਸਾਂ ਸੁਆਈ ਆ,ਲੋਰੀ ਦੇ ਕੇ ਪਾਈ ਆ,
ਉਠ ਖੜੂਗੀ,ਔਖਾ ਕਰੂਗੀ,ਚੁੱਕਣੀ ਪਊਗੀ,ਜਾਗੋ ਆਈ ਆ।
ਸ਼ਾਵਾ ਬਈ ਹੁਣ ਜਾਗੋ ਆਈ ਆ। "

ਹੌਲੀ ਹੌਲੀ ਬੋਲੀਆਂ ਵਿੱਚ ਤੇਜੀ ਆਉਂਦੀ ਜਾਂਦੀ ਹੈ-

"ਬੱਲੇ ਨੀ ਬੰਬੀਹਾ ਬੋਲੇ, ਸ਼ਾਵਾ ਨੀ ਬੰਬੀਹਾ ਬੋਲੇ।
ਅੰਦਰ ਪਿਆ ਪਤੰਦਰ ਨੀ ਬੰਬੀਹਾ ਬੋਲੇ। "

ਪਰ ਜਾਗੋ ਕਿਸੇ "ਪਤੰਦਰ" ਤੋਂ ਡਰਨ ਵਾਲੀ ਨਹੀਂ,ਉਹ ਤਾਂ ਸਭ ਵੱਡੇ ਅਖਵਾਉਣ ਵਾਲਿਆਂ ਨੂੰ ਲਲਕਾਰਦੀ ਹੈ-

"ਏਸ ਪਿੰਡ ਦਿਓ ਪੰਚੋ ਵੇ ,ਸਰਪੰਚੋ,ਲੰਬੜਦਾਰੋ,ਬਈ ਮੇਲ਼ ਆਇਆ ਚੰਦ ਕੁਰ ਦੇ,
ਜ਼ਰਾ ਹਟ ਕੇ ਪਰ੍ਹਾਂ ਨੂੰ ਲੰਘ ਜਾਇਓ,ਬਈ ਵੱਡੀ ਮਾਮੀ ਜ਼ੈਲਦਾਰਨੀ,
ਕਿਤੇ ਮਾਮੀ ਦੇ ਨਾ ਹੱਥ ਲੱਗ ਜਾਇਓ,ਬਈ ਵੱਡੀ ਮਾਮੀ ਜ਼ੈਲਦਾਰਨੀ। "

ਵੱਡੀ ਮਾਮੀ,ਜਿਸ ਨੇ ਜਾਗੋ ਚੁੱਕੀ ਹੋਈ ਹੈ,ਅੱਜ ਉਹ ਸਿਰਫ਼ ਇੱਕ ਔਰਤ ਨਹੀਂ,ਅੱਜ ਉਹ "ਔਰਤ ਸ਼ਕਤੀ" ਦਾ ਪ੍ਰਤੀਕ ਬਣੀ ਹੋਈ ਹੈ। ਜਿਹੜੀ ਕਿਸੇ ਵੀ ਵੱਡੇ ਘਰ ਦੇ ਭਾਂਡੇ ਮੂਧੇ ਕਰ ਸਕਦੀ ਹੈ,ਮੰਜੇ ਉਲਟਾ ਸਕਦੀ ਹੈ,ਵੱਡੇ ਵੱਡੇ ਨਾਢੂ ਖਾਂ ਅਖਵਾਉਣ ਵਾਲੇ ਨੂੰ ਟਿੱਚਰ ਕਰ ਸਕਦੀ ਹੈ,ਕਿਉਂਕਿ ਉਸ ਦੇ ਨਾਲ "ਕਿਰਤ-ਸ਼ਕਤੀ" ਜੁੜੀ ਹੋਈ ਹੈ,ਇਸੇ ਲਈ ਉਹ "ਜ਼ੈਲਦਾਰਨੀ" ਹੈ,ਉਹ ਨਾਨਕੇ ਪਰਿਵਾਰ ਚੋਂ ਹੈ,ਪਰ ਦਾਦਕਿਆਂ ਦਾ ਉਸਨੂੰ ਪੂਰਾ ਸਹਿਯੋਗ ਹਾਸਲ ਹੈ। ਉਹ ਘੁੰਡ ਵਿੱਚ ਲੁਕ ਕੇ ਰਹਿਣ ਵਾਲੀ ਉਹ ਔਰਤ ਨਹੀਂ,ਜਿਸ ਤੇ ਮਰਦ ਨੇ ਸੈਂਕੜੇ ਪਾਬੰਦੀਆਂ ਲਗਾਈਆਂ ਹੋਣ,ਅੱਜ ਉਹ ਇਹਨਾਂ ਸਭ ਪਾਬੰਦੀਆਂ ਨੂੰ ਤੋੜ ਕੇ "ਇੱਕ ਬਗਾਵਤ" ਦਾ ਝੰਡਾ ਚੁੱਕੀ ਫ਼ਿਰਦੀ ਹੈ।

ਇਸੇ ਲਈ ਤਾਂ ਉਹ ਜਾਣ ਬੁਝ ਕੇ ਪਤਵੰਤਿਆਂ ਨੂੰ ਛੇੜਦੀ ਹੈ।

"ਲੰਬੜਾ ਜੋਰੂ ਜਗਾ ਲੈ ਬਈ ਹੁਣ ਜਾਗੋ ਆਈ ਆ.....। " ਵਿੱਚੋਂ ਕੋਈ ਆਕੜ ਕੰਨੇ ਜੱਟ ਵੱਲੋਂ ਜਵਾਬ ਵੀ ਦਿੰਦੀ ਹੈ,

"ਨੀ ਜਾਗੋ ਜਾਗੋ ਫਿਰੇਂ ਕਰਦੀ,ਸਾਨੂੰ ਪਤਾ ਨਹੀਂ ਕਿਸ ਨੂੰ ਬੁਲਾਉਂਦੀ,
ਸੁੱਤਾ ਜੱਟ ਮਾਨ ਨਾ ਕੁੜੇ,ਕਾਹਨੂੰ ਹੱਥ ਨੀ ਭਰਿੰਡਾਂ ਨੂੰ ਤੂੰ ਪਾਉਂਦੀ,
ਨੀ ਜਾਗੋ ਤੇਰੀ ਲੰਘ ਚੱਲੀ ਐ,ਕਾਹਨੂੰ ਮਾਰ ਮਾਰ ਕੂਹਣੀਆਂ ਉਠਾਉਂਦੀ? "

ਪਰ ,ਲਲਕਾਰਾ ਫ਼ੇਰ ਵੱਜਦਾ ਹੈ-

"ਆਉਂਦੀ ਕੁੜੀਏ,ਜਾਂਦੀ ਕੁੜੀਏ,ਭਰ ਲਿਆ ਟੋਕਰਾ ਨੜਿਆਂ ਦਾ,
ਕਿੱਥੇ ਲਾਹੇਂਗੀ ??..ਕਿੱਥੇ ਲਾਹੇਂਗੀ ਨੀ ਸਾਰਾ ਪਿੰਡ ਛੜਿਆਂ ਦਾ ?
ਛੜੇ ਮਲੰਗੋ ਕੋਠੇ ਚੜ੍ਹ ਜਾਓ,ਰੰਨਾਂ ਵਾਲੇ ਅੰਦਰ ਵੜ ਜਾਓ,ਫ਼ੇਰ ਨਾ ਰੌਲਾ ਪਾਇਓ,
ਬਈ ਧੂੜਾਂ ਪੱਟੀ ਆਉਂਦੀ ਐ,ਨਾਨਕਿਆਂ ਦੀ ਜਾਗੋ..ਓ। "

"ਕੋਈ ਵੇਚੇ ਸੁੰਢ ਜਵੈਣ,ਕੋਈ ਵੇਚੇ ਰਾਈ,
ਲੰਬੜ ਆਪਣੀ ਜੋਰੂ ਵੇਚੇ,ਟਕੇ ਟਕੇ ਸਿਰ ਲਾਈ,
ਪਾਸੇ ਹਟ ਜਾਓ....ਪਾਸੇ ਹਟ ਜਾਓ ਦਾਦਕੀਓ,ਜਾਗੋ ਨਾਨਕਿਆਂ ਦੀ ਆਈ...
ਖਬਰਦਾਰ ਰਹਿਣਾ ਬਈ....ਜਾਗੋ ਰੌਲਾ ਪਾਉਂਦੀ ਆਈ.....। "

ਇਸ ਸਮੇਂ ਦੌਰਾਨ ਇੱਕ ਘਰ ਤੋਂ ਦੂਜੇ ਘਰ ਚਲਣਾ ਜਾਰੀ ਰਹਿੰਦਾ ਹੈ,ਦੀਵਿਆਂ ਵਿੱਚ ਹਰ ਘਰ ਤੋਂ ਤੇਲ ਪਾਇਆ ਜਾਂਦਾ ਹੈ,ਜਿਹੜਾ ਇੱਕ ਪਾਸੇ ਤਾਂ ਸ਼ਗਨਾਂ ਦਾ ਪ੍ਰਤੀਕ ਹੈ,ਦੂਜੇ ਪਾਸੇ ਉਸ ਪਰਿਵਾਰ ਵੱਲੋਂ "ਜਾਗੋ" ਦੀ ਸੋਚ ਨਾਲ ਸਹਿਮਤੀ ਪ੍ਰਗਟਾਉਣਾ ਵੀ ਹੈ। ਇਸ ਸੋਚ ਵਿੱਚ,ਪਿਆਰ,ਇਤਫਾਕ,ਭਰਾਤਰੀ ਸਾਂਝ,ਜਿਸ ਵਿੱਚ ਬਿਨਾਂ ਕਿਸੇ ਊਚ-ਨੀਚ,ਰੰਗ,ਜਾਤ,ਮਜ਼ਹਬ ਦੇ ਭਿੰਨ ਭਾਵ ਤੋਂ ਸਭ ਨਾਲ ਖੁਸ਼ੀ ਸਾਂਝੀ ਕਰਨਾ ਸ਼ਾਮਲ ਹੈ । ਤਦੇ ਕਿਹਾ ਗਿਆ ਹੈ-

"ਕੋਈ ਪਾਊਗਾ ਨਸੀਬਾਂ ਵਾਲਾ,ਬਈ ਜਾਗੋ ਵਿੱਚ ਤੇਲ ਮੁੱਕਿਆ। "

ਜਾਗੋ ਵਿੱਚ ਸਿਰਫ਼ ਜਾਗੋ ਨਾਲ ਸੰਬੰਧਤ ਬੋਲੀਆਂ ਹੀ ਨਹੀਂ ਹੁੰਦੀਆਂ,ਸਗੋਂ ਉਹ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ,ਜਿਹੜੀਆਂ ਆਮ ਗਿੱਧੇ ਵਿੱਚ ਚਲਦੀਆਂ ਹਨ। ਥੋੜੀ ਥੋੜੀ ਦੇਰ ਬਾਅਦ ਜਾਗੋ ਰੁਕਦੀ ਹੈ,ਜਿੰਨੀ ਦੇਰ ਉਸ ਘਰ ਦੀ ਸੁਆਣੀ ਦੀਵਿਆਂ ਵਿੱਚ ਤੇਲ ਪਾਉਂਦੀ ਹੈ ਅਤੇ ਸ਼ਗਨ ਵਜੋਂ ਕੁਝ ਰੁਪਏ ਦਿੰਦੀ ਹੈ,ਉਤਨੀ ਦੇਰ ਗਿੱਧਾ ਭਰ ਜੋਬਨ ਵਿੱਚ ਜਾਰੀ ਰਹਿੰਦਾ ਹੈ। ਇਨ੍ਹਾਂ ਬੋਲੀਆਂ ਦੀ ਗਿਣਤੀ ਅਤੇ ਵੰਨ ਸੁਵੰਨਤਾ ਬੇਅੰਤ ਹੈ,ਅਸੀਂ ਇੱਥੇ ਸਿਰਫ਼ ਟੂਕ ਮਾਤਰ ਕੁਝ ਕੁ ਹੀ ਦੇ ਰਹੇ ਹਾਂ-

"ਸੁਣ ਨੀ ਭਾਬੀ ਟਿੱਕੇ ਵਾਲੀਏ,ਕੀ ਜਵਾਬ ਹੈ ਤੇਰਾ,
ਨੀ ਭੈਣ ਤੇਰੀ ਨਾਲ ਵਿਆਹ ਕਰਵਾ ਕੇ ,ਬਣ ਜਾਂ ਭਣੋਈਆ ਤੇਰਾ,
ਗਿੱਧੇ ਦੇ ਵਿੱਚ ਵੜ ਕੇ ਨੀ ਤੂੰ ਦੇ ਦੇ ਸ਼ੌਕ ਦਾ ਗੇੜਾ,
ਨੀ ਦੀਵਾ ਕੀ ਕਰਨਾ,ਚਾਨਣ ਹੋ ਜਾਊ ਤੇਰਾ। "

"ਸੁਣ ਨੀ ਭਾਬੀ ਨੱਚਣ ਵਾਲੀਏ,ਤੇਰੇ ਤੋਂ ਕੀ ਮਹਿੰਗਾ,
ਤੇਰੇ ਮੂਹਰੇ ਥਾਨ ਸੁੱਟਿਆ,ਸੁੱਥਣ ਸਵਾ ਲਈਂ ਭਾਵੇਂ ਲਹਿੰਗਾ। "

"ਤਿੰਨ ਦਿਨ ਹੋਗੇ ਤਾਪ ਚੜ੍ਹੇ ਨੂੰ,ਹੂੰਗਰ ਪਵੇ ਚੁਫ਼ੇਰੇ,
ਪੇਕੇ ਤਾਂ ਮੇਰੇ ਪੈਂਦ ਸਿਰ੍ਹਾਣੇ,ਸਹੁਰੇ ਨਾ ਢੁਕਦੇ ਨੇੜੇ,
ਜੇ ਮੈਂ ਮਰਗੀ ਵੇ,ਵਿੱਚ ਬੋਲੂੰਗੀ ਤੇਰੇ। "

"ਕੱਲ੍ਹ ਦਾ ਆਇਆ ਮੇਲ਼ ਸੁਣੀਂਦਾ,ਸੁਰਮਾ ਸਭ ਨੇ ਪਾਇਆ,
ਬਈ ਗਹਿਣੇ ਗੱਟੇ ਸਭ ਨੂੰ ਸੋਂਹਦੇ,ਬੱਲੇ ਬੱਲੇ ਬੱਲੇ ਬੱਲੇ ਬੱਲੇ.....
ਬਈ ਗਹਿਣੇ ਗੱਟੇ ਸਭ ਨੂੰ ਸੋਂਹਦੇ,ਵਿਆਹੁੰਦੜਰੂਪ ਸਜਾਇਆ,
ਨੀ ਮੁੰਡੇ ਦੀ ਮਾਮੀ ਨੇ,ਗਿੱਧਾ ਖੂਬ ਸਜਾਇਆ। "

ਅਖੀਰ ਤੇ -

"ਨਾਨਕਿਆਂ ਤੇ ਦਾਦਕਿਆਂ ਨੇ,ਚਾਵਾਂ ਸੱਧਰਾਂ ਖੁਸ਼ੀਆਂ ਦੇ ਨਾਲ:,
ਸਾਰੇ ਪਿੰਡ ਘੁਮਾਈਆ ਬਈ ਹੁਣ ਜਾਗੋ ਆਈ ਆ। "

ਅੱਜ ਦੇ ਸਮੇਂ ਵਿੱਚ ਵਿਆਹ ਮੈਰਜ ਪੈਲੇਸਾਂ ਵਿੱਚ ਹੋਣ ਲੱਗੇ ਹਨ ਅਤੇ ਜਾਗੋ ਵੀ ਵਪਾਰਕ ਅਤੇ ਆਧੁਨਿਕ ਹੋ ਗਈ ਹੈ। ਹੇਠਾਂ ਦਿੱਤੀਆਂ ਬੋਲੀਆਂ ਸਹੀ ਤਸਵੀਰ ਪੇਸ਼ ਕਰਦੀਆਂ ਹਨ,

"ਨਾ ਓਹ ਹੱਸੇ, ਨਾ ਓਹ ਖੁਸ਼ੀਆਂ,ਨਾ ਓਹ ਜਾਗੋ ਰਹਿ ਗਈ,
ਅੱਜ ਕੱਲ੍ਹ ਜਾਗੋ ਨਵੇਂ ਸਮੇਂ ਦੀ,ਵਹਿਣਾਂ ਦੇ ਵਿੱਚ ਵਹਿ ਗਈ,
ਹੁਣ ਤਾਂ ਜਾਗੋ ਟੀ.ਵੀ. ਦੀ ਇੱਕ ਆਈਟਮ ਬਣ ਕੇ ਰਹਿ ਗਈ, ਜਾਗੋ ਬਦਲ ਗਈ,
ਹੁਣ ਉਹ ਨਾ ਜਾਗੋ ਰਹਿ ਗਈ, ਜਾਗੋ ਬਦਲ ਗਈ.......
"ਅੰਮੀ ਕਹਿੰਦੀ ਕੌਣ ਚੁੱਕੂ ਭਾਰ, ਛੇਤੀ ਕੋਈ ਜਾਓ ਬਾਜ਼ਾਰ,
ਦੀਵੇ ਤੇਲ ਘੜਾ ਤਿਆਗੋ, ਲਾਈਟਾਂ ਵਾਲੀ ਲਿਆਓ ਜਾਗੋ,
ਹੁਣ ਚਾਈਨੀਜ਼ ਜਾਗੋ ਆਈ ਆ, ਜਾਗੋ ਬਦਲ ਗਈ,
ਹੁਣ ਉਹ ਨਾ ਜਾਗੋ ਰਹਿ ਗਈ, ਜਾਗੋ ਬਦਲ ਗਈ...। "

ਅੱਜ ਲੋੜ ਹੈ ਜਾਗੋ ਦੀ ਭਾਵਨਾ ਨੂੰ ਜਗਦੀ ਰੱਖਣ ਦੀ। ਸਿਰਫ਼ ਮੂਵੀ ਜਾਂ ਐਲਬਮ ਵਿੱਚ ਦਿਖਾਣ ਲਈ ਭਾੜੇ ਦੀ ਜਾਗੋ ਦੀ ਲੋੜ ਨਹੀਂ। ਸਾਡੇ ਅਮੀਰ ਵਿਰਸੇ ਦੀ ਅਮੀਰ ਜਾਗੋ ਵਿੱਚੋਂ ਤੇਲ ਮੁੱਕ ਰਿਹਾ ਹੈ,ਆਓ ਰਲ ਮਿਲ ਕੇ ਸਾਂਝੀਵਾਲਤਾ ਦਾ ਤੇਲ ਪਾਈਏ।



### ਕਵਿਤਾ

## ਕਿਸੇ ਲਈ

ਭੁੱਲ ਗਈ ਹੋਣੀ ਤੂੰ ਤਾਂ,
ਬੁਰਾ ਸੁਪਨਾ ਸਮਝ ਕੇ,
ਅਸੀਂ ਝੱਲੇ ਯਾਦਾਂ ਤੇਰੀਆਂ,
ਸੰਭਾਲੀ ਬੈਠੇ ਆਂ।
ਖੇਡ ਖੇਡ ਕੇ ਚਾਰ ਦਿਨਾਂ ਦੀ,
ਤੂੰ ਜੀ ਆਪਣਾ, ਪਰਚਾ ਲਿਆ,
ਤੇਰੇ ਪਿੱਛੇ ਮਰਕੇ ਅਸੀਂ ਝੱਲੇ,
ਜ਼ਿੰਦਗੀ ਗਾਲੀ ਬੈਠੇ ਆਂ।

ਕਿਸੇ ਲਈ ਨੇ,ਕਾਵਿ ਸਤਰਾਂ,
ਲੱਗਣ ਕਿਸੇ ਲਈ ਚਿੱਠੀਆਂ ਨੇ।
ਲੱਗਣ ਕੌੜੀਆਂ ਕਿਸੇ ਲਈ,
ਲੱਗਣ ਕਿਸੇ ਲਈ ਮਿੱਠੀਆਂ ਨੇ।

ਦਿੰਦੀ ਦਿਖਾਈ ਕਦੇ, ਕਿਰਨ ਆਸ ਦੀ,
ਕਦੇ ਕਦੇ ਦਿਲ ਢੇਰੀ ਢਾਹ ਜਾਂਦਾ।
ਪਤਾ ਨਹੀਂ ਕਿਉਂ,
ਕੋਈ ਬਣਕੇ ਮੇਰਾ ਸੁਣ ਸੰਗਰੂਰਵੀ,
ਆਖ਼ਰ ਨੂੰ ਲੁੱਟ ਲੁੱਟ ਖਾਹ ਜਾਂਦਾ।

## ਨਾ ਰਹੇ

ਰੋਕ ਸਕਦੈ ਜੇ, ਰੋਕ ਲੈ ਤੂੰ ,
ਪਾਗਲਪਣ ਆਪਣੇ ਨੂੰ,
ਜਿੰਨਾ ਛੇਤੀ ਹੋ ਸਕੇ,
ਤੂੰ ਰੋਕ ਲੈ, ਤੂੰ ਰੋਕ ਲੈ,
ਪਹਿਲਾਂ ਵਾਂਗ, ਇਸਨੇ ਫਿਰ,
ਤੈਨੂੰ ਹੈ ਉਜਾੜ੍ਹ ਦੇਣਾ।
ਸੜ੍ਹਦਾ ਰਿਹਾ, ਪਹਿਲਾਂ ਹੀ,
ਅੱਗ ਵਿੱਚ, ਜਿਹੜੀ ਸਦਾ,
ਓਸੇ ਅੱਗ, ਵਿੱਚ ਹੀ,
ਕਰ ਕਰ, ਕਮਜ਼ੋਰ ਕਦੇ,
ਸੁਣ ਸੰਗਰੂਰਵੀ, ਤੈਨੂੰ ਫਿਰ,
ਤੈਨੂੰ ਫਿਰ, ਸਾੜ੍ਹ ਦੇਣਾ।
ਨਾ ਰਹੇ, ਮਜ਼ਬੂਤ ਇਰਾਦੇ,
ਤੇਰੇ ਕਦੇ, ਹਾਂ ਤੇਰੇ ਕਦੇ,
ਕਰ ਦੂਰ, ਕਾਮਯਾਬੀ ਤੋਂ,
ਹੁਣ ਫਿਰ, ਕਦੇ ਨਾ ਕਦੇ ,
ਸਦਾ ਲਈ,ਤੈਨੂੰ ਫਿਰ,
ਤੈਨੂੰ ਫਿਰ, ਉਖਾੜ੍ਹ ਦੇਣਾ।
ਕਦੋਂ ਸੀ, ਸਾਬਤ ਤੂੰ,
ਕਿਸੇ ਦੀਆਂ, ਨਜ਼ਰਾਂ 'ਚ,
ਰਿਹਾ ਕਮਜ਼ੋਰ, ਕਿਸੇ ਲਈ,
ਹਾਂ ਸੁਣ ਸੰਗਰੂਰਵੀ,
ਤੈਨੂੰ ਫਿਰ, ਕਦੇ ਕਿਸੇ,
ਕਿਸੇ ਹੈ, ਪਾੜ੍ਹ ਦੇਣਾ।



ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

# ਬੇਸ਼ਰਮੀ ਦੀ ਹੱਦ !

ਸੰਨ 1999 ਦੀ ਗੱਲ ਹੈ ਕਿ ਮੈਂ ਖੰਨਾ ਪੁਲਿਸ ਜ਼ਿਲ੍ਹੇ ਦੀ ਪਾਇਲ ਸਬ ਡਵੀਜ਼ਨ ਵਿਖੇ ਬਤੌਰ ਡੀ.ਐਸ.ਪੀ. ਤਾਇਨਾਤ ਸੀ। ਇੱਕ ਦਿਨ ਮੈਂ ਦਫਤਰ ਬੈਠਾ ਸੀ ਕਿ ਰਾਜ ਕੁਮਾਰ (ਕਾਲਪਨਿਕ ਨਾਮ) ਨਾਮਕ ਇੱਕ ਨੌਜਵਾਨ ਆਪਣੇ ਸਹੁਰੇ ਸ਼ੰਕਰ ਲਾਲ (ਕਾਲਪਨਿਕ ਨਾਮ) ਸਮੇਤ ਮੇਰੇ ਦਫਤਰ ਆਇਆ ਤੇ ਦੱਸਿਆ ਕਿ ਉਸ ਦੀ ਪਤਨੀ ਕਲਪਨਾ (ਕਾਲਪਨਿਕ ਨਾਮ) ਆਪਣੇ 6 ਕੁ ਮਹੀਨੇ ਦੇ ਬੱਚੇ ਸਮੇਤ ਗੁਆਂਢ ਰਹਿੰਦੇ ਇੱਕ ਵਿਅਕਤੀ ਹਰੀ ਸਿੰਘ (ਕਾਲਪਨਿਕ ਨਾਮ) ਨਾਲ ਫਰਾਰ ਹੋ ਗਈ ਹੈ। ਜਦੋਂ ਮੈਂ ਵਿਸਥਾਰ ਨਾਲ ਗੱਲ ਪੁੱਛੀ ਤਾਂ ਬਹੁਤ ਹੈਰਾਨੀਜਨਕ ਕਹਾਣੀ ਸਾਹਮਣੇ ਆਈ ਜਿਸ 'ਤੇ ਹਿੰਦੀ ਦਾ ਮੁਹਾਵਰਾ, ਗਧੀ ਪੇ ਦਿਲ ਆਇਆ ਤੋ ਪਰੀ ਕਿਆ ਚੀਜ ਹੈ, ਪੂਰੀ ਤਰ੍ਹਾਂ ਨਾਲ ਢੁੱਕਦਾ ਸੀ।

ਰਾਜ ਕੁਮਾਰ ਨੇ ਦੱਸਿਆ ਕਿ ਉਹ ਤੇ ਕਲਪਨਾ ਪਾਇਲ ਦੇ ਨਜ਼ਦੀਕ ਇੱਕ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਤੌਰ ਲੈਕਚਰਾਰ ਨੌਕਰੀ ਕਰ ਰਹੇ ਹਨ, ਕਲਪਨਾ ਮੈਥ ਦੀ ਲੈਕਚਰਾਰ ਸੀ ਤੇ ਰਾਜ ਕੁਮਾਰ ਇੰਗਲਿਸ਼ ਦਾ। ਪਿੱਛੋਂ ਉਹ ਸਮਰਾਲੇ ਦੇ ਹਨ ਪਰ ਰੋਜ਼ਾਨਾ ਦੇ ਸਫਰ ਤੋਂ ਬਚਣ ਲਈ ਉਨ੍ਹਾਂ ਨੇ ਪਾਇਲ ਹੀ ਇੱਕ ਮਕਾਨ ਕਿਰਾਏ 'ਤੇ ਲਿਆ ਹੋਇਆ ਹੈ। ਐਨੀ ਪੜ੍ਹੀ ਲਿਖੀ ਲੈਕਚਰਾਰ ਜਿਸ ਵਿਅਕਤੀ ਨਾਲ ਭੱਜੀ ਸੀ ਉਹ ਕੋਰਾ ਅਨਪੜ੍ਹ ਸੀ ਤੇ ਦਾਣਾ ਮੰਡੀ ਵਿੱਚ ਪੱਲੇਦਾਰੀ ਕਰਦਾ ਸੀ। ਰਾਜ ਕੁਮਾਰ ਨੇ ਦੱਸਿਆ ਕਿ ਉਹ ਕਸਰਤ ਦਾ ਬਹੁਤ ਸ਼ੌਕੀਨ ਹੈ ਤੇ ਰੋਜ਼ਾਨਾ ਸਵੇਰੇ 8-10 ਕਿ.ਮੀ. ਦੌੜ ਲਗਾਉਂਦਾ ਹੈ। ਕੱਲ੍ਹ ਜਦੋਂ ਉਹ ਦੌੜ ਲਾਉਣ ਲਈ ਗਿਆ ਤਾਂ ਪਿੱਛੋਂ ਕਲਪਨਾ ਵੀ ਦੌੜ ਗਈ।

ਰਾਜ ਕੁਮਾਰ ਦੇ ਨਾਲ ਆਇਆ ਉਸ ਦਾ ਸਹੁਰਾ ਵੇਖਣ ਨੂੰ ਹੀ ਸਿਰੇ ਦਾ ਬੇਸ਼ਰਮ ਬੰਦਾ ਲੱਗਦਾ ਸੀ। ਉਸ ਦੇ ਚਿਹਰੇ 'ਤੇ ਕੋਈ ਸ਼ਰਮ ਹਯਾ ਨਹੀਂ ਸੀ ਤੇ ਇਸ ਤਰ੍ਹਾਂ ਅਰਾਮ ਨਾਲ ਗੱਲਾਂ ਕਰ ਰਿਹਾ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਵੈਸੇ ਤਾਂ ਇਸ ਕੇਸ ਵਿੱਚ ਕੋਈ ਪੁਲਿਸ ਕਾਰਵਾਈ ਨਹੀਂ ਸੀ ਬਣਦੀ ਕਿਉਂਕਿ ਕਲਪਨਾ ਬਾਲਗ ਸੀ ਤੇ ਆਪਣੀ ਮਰਜ਼ੀ ਨਾਲ ਗਈ ਸੀ। ਪਰ ਕਿਉਂਕਿ ਉਹ ਆਪਣਾ ਬੱਚਾ ਵੀ ਨਾਲ ਲੈ ਗਈ ਸੀ, ਇਸ ਲਈ ਮੈਂ ਐਚ.ਐਚ.ਉ. ਨੂੰ ਬੁਲਾ ਕੇ ਹਰੀ ਸਿੰਘ ਦੇ ਖਿਲਾਫ ਅਗਵਾ ਆਦਿ ਦੀਆਂ ਧਾਰਾਵਾਂ ਅਧੀਨ ਮੁਕੱਦਮਾ ਦਰਜ਼ ਕਰਨ ਲਈ ਕਹਿ ਦਿੱਤਾ ਤਾਂ ਜੋ ਕੱਲ੍ਹ ਨੂੰ ਕੋਈ ਪਵਾੜਾ ਨਾ ਪੈ ਜਾਵੇ। ਇਸ ਤੋਂ ਬਾਅਦ ਪੁਲਿਸ ਤਫਤੀਸ਼ ਸ਼ੁਰੂ ਹੋ ਗਈ, ਰਾਜ ਕੁਮਾਰ ਅਤੇ ਉਸ ਦੇ ਸਹੁਰੇ ਸ਼ੰਕਰ ਲਾਲ (ਕਾਲਪਨਿਕ ਨਾਮ) ਨੇ ਹਰੀ ਸਿੰਘ ਦੇ ਜਿਹੜੇ ਵੀ ਟਿਕਾਣੇ ਦੱਸੇ, ਸਭ ਜਗ੍ਹਾ 'ਤੇ ਛਾਪੇ ਮਾਰੇ ਗਏ ਪਰ ਪ੍ਰੇਮੀ ਜੋੜਾ ਗਧੇ ਦੇ ਸਿਰ ਤੋਂ ਸਿੰਗਾਂ ਵਾਂਗ ਗਾਇਬ ਹੋ ਚੁੱਕਿਆ ਸੀ। ਅਖੀਰ ਮਹੀਨੇ ਕੁ ਬਾਅਦ ਪੁਲਿਸ ਕਾਰਵਾਈ ਕੁਝ ਢਿੱਲੀ ਪੈ ਗਈ ਤੇ ਸਭ ਨੇ ਸਮਝ ਲਿਆ ਉਹ ਪੰਜਾਬ ਛੱਡ ਕੇ ਕਿਤੇ ਦੂਰ ਨਿਕਲ ਗਏ ਹਨ। ਰਾਜ ਕੁਮਾਰ ਤੇ ਸ਼ੰਕਰ ਲਾਲ ਹਫਤੇ ਦਸਾਂ ਦਿਨਾਂ ਬਾਅਦ ਕੇਸ ਬਾਰ ਪੁੱਛ ਗਿੱਛ ਕਰਨ ਲਈ ਗੇੜਾ ਮਾਰ ਲੈਂਦੇ ਸਨ। ਰਾਜ ਕੁਮਾਰ ਨੂੰ ਆਪਣੇ ਬੱਚੇ ਦਾ ਫਿਕਰ ਸੀ ਤੇ ਸ਼ੰਕਰ ਲਾਲ ਨੂੰ ਆਪਣੀ ਧੀ ਦਾ। ਤਿੰਨ ਕੁ ਮਹੀਨਿਆਂ ਬਾਅਦ ਸ਼ੰਕਰ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਕਲਪਨਾ ਦਾ ਪਤਾ ਲੱਗ ਗਿਆ ਹੈ।

ਮੈਂ ਉਸੇ ਵੇਲੇ ਇੱਕ ਥਾਣੇਦਾਰ ਤੇ ਤਿੰਨ ਚਾਰ ਜਵਾਨ ਉਸ ਨਾਲ ਭੇਜ ਦਿੱਤੇ ਤੇ ਉਹ ਸ਼ਾਮ ਤੱਕ ਕਲਪਨਾ ਅਤੇ ਹਰੀ ਸਿੰਘ ਨੂੰ ਪਕੜ ਕੇ ਥਾਣੇ ਲੈ ਆਏ। ਰਾਜ ਕੁਮਾਰ ਨੇ ਕਲਪਨਾ ਨੂੰ ਨਾਲ ਲਿਜਾਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਤੇ ਉਹ ਆਪਣੇ ਪਿਉ ਨਾਲ ਚਲੀ ਗਈ। ਹਰੀ ਸਿੰਘ ਨੂੰ ਗ੍ਰਿਫਤਾਰ ਕਰ ਕੇ ਤਿੰਨ ਦਿਨ ਦਾ ਰਿਮਾਂਡ ਹਾਸਲ ਕਰ ਲਿਆ ਗਿਆ। ਉਸ ਦੀ ਪੁੱਛ ਗਿੱਛ ਤੋਂ ਇਹ ਗੱਲ ਸਾਹਮਣੇ ਆਈ ਕਿ ਭੱਜਣ ਸਮੇਂ ਕਲਪਨਾ 50 - 60 ਹਜ਼ਾਰ ਰੁਪਏ ਨਾਲ ਲੈ ਗਈ ਸੀ। ਹਰੀ ਸਿੰਘ ਸਿਰੇ ਦਾ ਮਲੰਗ ਸੀ ਤੇ ਸਾਰਾ ਖਰਚਾ ਕਲਪਨਾ ਹੀ ਕਰਦੀ ਰਹੀ ਸੀ। ਉਹ ਪਾਇਲ ਤੋਂ ਬੱਸ ਰਾਹੀਂ ਅੰਮ੍ਰਿਤਸਰ ਪਹੁੰਚੇ ਸਨ ਤੇ ਉਥੇ ਇੱਕ ਗੰਦੀ ਜਿਹੀ ਕਲੋਨੀ ਵਿੱਚ ਕਿਰਾਏ ਦੇ ਕਮਰੇ ਵਿੱਚ ਰਹਿਣ ਲੱਗ ਪਏ ਸਨ। ਜਦੋਂ ਕਲਪਨਾ ਦੇ ਪੈਸੇ ਖਤਮ ਹੋ ਗਏ ਤਾਂ ਹਰੀ ਸਿੰਘ ਦਿਹਾੜੀ ਦੱਪਾ ਕਰ ਕੇ ਘਰ ਦਾ ਖਰਚਾ ਚਲਾਉਣ ਲੱਗ ਪਿਆ ਸੀ। ਜਦੋਂ ਪੈਸੇ ਖਤਮ ਹੋ ਗਏ ਤਾਂ ਕਲਪਨਾ ਦੇ ਸਿਰ ਤੋਂ ਇਸ਼ਕ ਦਾ ਭੂਤ ਵੀ ਉੱਤਰ ਗਿਆ। ਉਸ ਨੇ ਹਰੀ ਸਿੰਘ ਨੂੰ ਦੱਸੇ ਬਿਨਾਂ ਹੀ ਆਪਣੇ ਪਿਉ ਨੂੰ ਫੋਨ ਕਰ ਦਿੱਤਾ ਸੀ ਜਿਸ ਕਾਰਨ ਹਰੀ ਸਿੰਘ ਨੂੰ ਫਰਾਰ ਹੋਣ ਦਾ ਮੌਕਾ ਨਹੀਂ ਸੀ ਮਿਲਿਆ।

ਅਸੀਂ ਸੁੱਖ ਦਾ ਸਾਹ ਲਿਆ ਕਿਉਂਕਿ ਹਰ ਕਰਾਈਮ ਮੀਟਿੰਗ ਵਿੱਚ ਇਸ ਕੇਸ ਕਾਰਨ ਐਸ.ਐਸ.ਪੀ. ਕੋਲੋਂ ਝਿੜਕਾਂ ਖਾਣੀਆਂ ਪੈਂਦੀਆਂ ਸਨ। ਪਰ ਕਲਾਈਮੈਕਸ ਅਜੇ ਬਾਕੀ ਸੀ। ਜਿਸ ਦਿਨ ਹਰੀ ਸਿੰਘ ਦਾ ਰਿਮਾਂਡ ਖਤਮ ਹੋਣਾ ਸੀ, ਉਸ ਦਿਨ ਸਵੇਰੇ ਦਸ ਕੁ ਵਜੇ ਕਲਪਨਾ ਤੇ ਉਸ ਦਾ ਪਿਉ ਮੇਰੇ ਦਫਤਰ ਆ ਗਏ। ਸ਼ੰਕਰ ਲਾਲ ਨੇ ਮੈਨੂੰ ਦੱਸਿਆ ਕਿ ਅਸਲ ਵਿੱਚ ਇਹ ਸਾਰਾ ਕਾਂਡ ਰਾਜ ਕੁਮਾਰ ਨੇ ਕਰਵਾਇਆ ਹੈ ਤੇ ਉਸ ਨੂੰ ਵੀ ਇਸ ਕੇਸ ਵਿੱਚ ਨਾਮਜ਼ਦ ਕੀਤਾ ਜਾਵੇ। ਇਹ ਸੁਣ ਕੇ ਮੇਰਾ ਦਿਮਾਗ ਘੁੰਮ ਗਿਆ ਤੇ ਮੈਂ ਕਾਰਨ ਪੁੱਛਿਆ। ਇਸ ਦਾ ਜਵਾਬ ਕਲਪਨਾ ਨੇ ਦਿੱਤਾ ਜੋ ਕੁਝ ਦਿਨ ਪਹਿਲਾਂ ਰੁਲੀ ਖੁਲੀ ਜਿਹੀ ਸੀ ਪਰ ਹੁਣ ਕਾੜ੍ਹ ਕਾੜ੍ਹ ਬੋਲ ਰਹੀ ਸੀ। ਉਸ ਨੇ ਕਿਹਾ ਕਿ ਅਸਲ ਵਿੱਚ ਹਰੀ ਸਿੰਘ ਨਾਲ ਭੱਜਣ ਲਈ ਉਸ ਨੂੰ ਰਾਜ ਕੁਮਾਰ ਨੇ ਮਜ਼ਬੂਰ ਕੀਤਾ ਸੀ, ਉਹ ਤਾਂ ਹਰੀ ਸਿੰਘ ਨੂੰ ਜਾਣਦੀ ਵੀ ਨਹੀਂ ਸੀ। ਰਾਜ ਕੁਮਾਰ ਦੇ ਕਿਸੇ ਹੋਰ ਲੜਕੀ ਨਾਲ ਸਬੰਧ ਹਨ ਤੇ ਉਹ ਚਾਹੁੰਦਾ ਸੀ ਕਿ ਮੈਂ ਹਰੀ ਸਿੰਘ ਨਾਲ ਭੱਜ ਕੇ ਬਦਨਾਮ ਹੋ ਜਾਵਾਂ ਤਾਂ ਜੋ ਉਹ ਮੈਨੂੰ ਤਲਾਕ ਦੇ ਸਕੇ। ਉਸ ਨੇ ਮੈਨੂੰ ਕਿਹਾ ਸੀ ਕਿ ਜੇ ਮੈਂ ਨਾ ਭੱਜੀ ਤਾਂ ਉਹ ਮੇਰੇ ਬੇਟੇ ਨੂੰ ਕਤਲ ਕਰ ਦੇਵੇਗਾ। ਮੈਂ ਸੋਚਿਆ ਸ਼ਾਇਦ ਕਲਪਨਾ ਦੀ ਇਹ ਦੂਸਰੀ ਸ਼ਾਦੀ ਹੋਵੇ। ਪਰ ਉਸ ਨੇ ਜਵਾਬ ਦਿੱਤਾ ਕਿ ਇਹ ਉਸ ਦੀ ਪਹਿਲੀ ਸ਼ਾਦੀ ਹੈ ਤੇ ਬੱਚਾ ਰਾਜ ਕੁਮਾਰ ਦਾ ਹੀ ਹੈ। ਮੈਨੂੰ ਖਿਝ ਚੜ੍ਹ ਗਈ, ਕਿਹਾ ਕਿ ਤੂੰ ਪਾਇਲ ਤੋਂ ਲੈ ਕੇ ਅੰਮ੍ਰਿਤਸਰ ਤੱਕ 5-6 ਘੰਟੇ ਬੱਸ ਦਾ ਸਫਰ ਕੀਤਾ ਤੇ ਫਿਰ ਤਿੰਨ ਮਹੀਨੇ ਉਥੇ ਰਹੀ। ਇਸ ਸਮੇਂ ਦੌਰਾਨ ਤੈਨੂੰ ਕੋਈ ਪੁਲਿਸ ਵਾਲਾ ਨਾ ਦਿਸਿਆ? ਕਲਪਨਾ ਨੇ ਫਿਰ ਕੁਫਰ ਤੋਲਿਆ ਕਿ ਮੈਂ ਬਹੁਤ ਡਰ ਗਈ ਸੀ ਕਿ ਕਿਤੇ ਮੇਰੇ ਬੇਟੇ ਨੂੰ ਕਤਲ ਨਾ ਕਰ ਦਿੱਤਾ ਜਾਵੇ। ਮੈਂ ਸਮਝ ਗਿਆ ਕਿ ਇਹ ਦੋਵੇਂ ਪਿਉ ਧੀ ਰਾਜ ਕੁਮਾਰ ਨੂੰ ਫਸਾਉਣ ਲਈ ਝੂਠੀ ਕਹਾਣੀ ਘੜ ਕੇ ਆਏ ਹਨ ਕਿਉਂਕਿ ਉਸ ਨੇ ਕਲਪਨਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਮੈਂ ਥਾਣੇ ਤੋਂ ਹਰੀ ਸਿੰਘ ਨੂੰ ਬੁਲਾ ਲਿਆ ਤੇ ਉਸ ਨੂੰ ਕਲਪਨਾ ਦੇ ਨਵੇਂ ਬਿਆਨ ਬਾਰੇ ਪੁੱਛਿਆ। ਉਹ ਹੈਰਾਨ ਰਹਿ ਗਿਆ, "ਸਰ ਜੀ ਮੇਰੀ ਕਲਪਨਾ ਨਾਲ ਯਾਰੀ ਤਾਂ ਡੇਢ ਦੋ ਸਾਲ ਤੋਂ ਚੱਲ ਰਹੀ ਹੈ। ਮਾਸਟਰ ਤੜਕੇ 4-5 ਵਜੇ ਦੌੜ ਲਗਾਉਣ ਲਈ ਚਲਾ ਜਾਂਦਾ ਸੀ ਤੇ ਇਹ ਮੈਨੂੰ ਘਰ ਬੁਲਾ ਲੈਂਦੀ ਸੀ ਕਿਉਂਕਿ ਉਸ ਵੇਲੇ ਗਲ੍ਹੀ ਸੁੰਨਸਾਨ ਹੁੰਦੀ ਸੀ। ਜੇ ਮਾਸਟਰ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਤਾਂ ਉਹ ਮੇਰੀਆਂ ਲੱਤਾਂ ਨਾ ਤੋੜ ਦਿੰਦਾ। "

ਪਰ ਉਹ ਦੋਵੇਂ ਪਿਉ ਧੀ ਐਨੇ ਬੇਸ਼ਰਮ ਸਨ ਕਿ ਹਰੀ ਸਿੰਘ ਵੱਲੋਂ ਖੋਲ੍ਹੇ ਗਏ ਗੁਪਤ ਭੇਤਾਂ ਦੇ ਬਾਵਜੂਦ ਕਹਿਣ ਲੱਗੇ ਕਿ ਇਹ ਤਾਂ ਰਾਜ ਕੁਮਾਰ ਨਾਲ ਰਲਿਆ ਹੋਇਆ ਹੈ। ਜਦੋਂ ਉਹ ਨਾ ਹਟੇ ਤਾਂ ਮੈਂ ਦੋਵਾਂ ਨੂੰ ਦਫਤਰ ਵਿੱਚੋਂ ਬਾਹਰ ਕੱਢ ਦਿੱਤਾ ਤੇ ਸ਼ੰਕਰ ਲਾਲ ਨੂੰ ਕਿਹਾ, "ਮੈਂ ਆਪਣੀ ਨੌਕਰੀ ਦੌਰਾਨ ਬੜੇ ਵੱਡੇ ਵੱਡੇ ਬੇਅਣਖੇ ਬੰਦੇ ਵੇਖੇ ਹਨ, ਪਰ ਤੇਰੇ ਵਰਗਾ ਘਟੀਆ ਬੰਦਾ ਅੱਜ ਤੱਕ ਨਹੀਂ ਵੇਖਿਆ। ਕੋਈ ਹੋਰ ਹੁੰਦਾ ਤਾਂ ਹਰੀ ਸਿੰਘ ਵੱਲੋਂ ਕਹੀਆਂ ਗੱਲਾਂ ਸੁਣ ਕੇ ਚੱਪਣੀ ਵਿੱਚ ਨੱਕ ਡੋਬ ਕੇ ਮਰ ਜਾਂਦਾ। " ਪਰ ਉਹ ਢੀਠ ਬੰਦਾ ਉੱਚ ਅਫਸਰਾਂ ਦੇ ਪੇਸ਼ ਹੋਣ ਦੀਆਂ ਧਮਕੀਆਂ ਦਿੰਦਾ ਹੋਇਆ ਉਥੋਂ ਚਲਾ ਗਿਆ।





ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

### ਟੋਰਾਂਟੋ ਤੋਂ ਦੁਬਈ ਟੂਰ


# ਦ ਦੁਬਈ ਮਾਲ ਬਣਿਆ ਅੰਤਰਰਾਸ਼ਟਰੀ ਮਸ਼ਹੂਰ ਹਸਤੀਆਂ ਦੀ ਸ਼ਾਪਿੰਗ ਦਾ ਕੇਂਦਰ






ਦੁਨੀਆ ਭਰ 'ਚ ਮਸ਼ਹੂਰ ਅੰਤਰਰਾਸ਼ਟਰੀ ਰਿਟੇਲ ਸਟੋਰਾਂ ਦਾ ਗੜ੍ਹ "ਦ ਦੁਬਈ ਮਾਲ" ਜਾਣ ਦਾ ਮੌਕਾ ਮਿਲਿਆ। ਰਿਟੇਲ ਦੁਨੀਆ 'ਚ ਰਿਟੇਲ ਅਤੇ ਜੀਵਨ ਸ਼ੈਲੀ ਲਈ ਮਸ਼ਹੂਰ ਦੁਬਈ ਮਾਲ, ਡਾਊਨਟਾਊਨ ਦੁਬਈ 'ਚ ਸਥਿਤ ਹੈ, ਜੋ ਹਰ ਸਾਲ 100 ਮਿਲੀਅਨ ਤੋਂ ਵੱਧ ਲੋਕਾਂ ਦਾ ਵੈਲਕਮ ਕਰਦਾ ਹੈ। ਇਸ ਦੁਬਈ ਮਾਲ 'ਚ 1200 ਤੋਂ ਵੱਧ ਰਿਟੇਲ ਆਊਟਲੇਟ ਹਨ, ਜਿਸ 'ਚ 2 ਐਂਕਰ ਡਿਪਾਰਟਮੈਂਟ ਸਟੋਰ, ਗੈਲਰੀਜ਼ ਲਾਫੇਏਟ ਅਤੇ ਬਲੂਮਿੰਗਡੇਲਜ਼, 200 ਤੋਂ ਵੱਧ ਅੰਤਰਰਾਸ਼ਟਰੀ ਖਾਣੇ ਦੇ ਅਨੁਭਵਾਂ ਦੇ ਨਾਲ-ਨਾਲ ਫੈਮਿਲੀ ਲਈ ਮਨੋਰੰਜਨ ਅਤੇ ਬਹੁਤ ਸਾਰੇ ਆਕਰਸ਼ਣ ਸ਼ਾਮਲ ਹਨ। ਇਹ 1,124,000 ਵਰਗ ਮੀਟਰ ਦੇ ਕੁੱਲ ਖੇਤਰ ਨੂੰ ਕਵਰ ਕਰਨ ਵਾਲੇ ਦੁਨੀਆ ਦੇ ਸੱਭ ਤੋਂ ਵੱਡੇ ਮਾਲ ਵਜੋਂ ਜਾਣਿਆ ਜਾਂਦਾ ਹੈ। ਇੱਕਲੇ ਫੈਸ਼ਨ ਐਵੇਨਿਊ 'ਚ 150 ਤੋਂ ਵੱਧ ਚੋਟੀ ਦੇ ਅੰਤਰਰਾਸ਼ਟਰੀ ਅਤੇ ਲੋਕਲ ਬ੍ਰਾਂਡ ਹਨ, ਜਦੋਂ ਕਿ ਨਵੇਂ ਜ਼ਬੀਲ ਐਕਸਟੈਂਸ਼ਨ ਨੇ ਮਾਲ ਦੀ ਵਸਤੂ ਸੂਚੀ 'ਚ ਇੱਕ ਨਵਾਂ ਮਾਪ ਅਤੇ ਸਟੋਰ ਗਿਣਤੀ ਸ਼ਾਮਲ ਕੀਤੀ ਹੈ।

ਮਿੱਠੇ ਦੰਦਾਂ ਵਾਲੇ ਲੋਕਾਂ ਲਈ, ਦੁਬਈ ਮਾਲ ਤੁਹਾਨੂੰ ਸੰਤੁਸ਼ਟ ਕਰੇਗਾ। ਇਹ ਸੁਆਦੀ ਕੈਂਡੀ ਨਾਲ ਭਰਿਆ ਸੱਭ ਤੋਂ ਵੱਡਾ ਕੈਂਡੀ ਸਟੋਰ ਹੋਣ ਲਈ ਜਾਣਿਆ ਜਾਂਦਾ ਹੈ। ਇਹ ਸਟੋਰ 10,000 ਫੁੱਟ ਤੱਕ ਫੈਲਿਆ ਹੋਇਆ ਹੈ। ਆਖਰੀ ਪਰ ਘੱਟੋ ਘੱਟ ਨਹੀਂ, ਤੁਸੀਂ ਦੁਬਈ ਮਾਲ 'ਚ 22 ਸਕ੍ਰੀਨ ਫਲੈਗਸ਼ਿਪ ਰੀਅਲ ਸਿਨੇਮਾ ਦਾ ਕਦੇ ਨਾ ਭੁੱਲਣ ਵਾਲਾ ਅਨੁਭਵ ਕਰ ਸਕਦੇ ਹੋ। ਦੁਬਈ ਮਾਲ ਹਰ ਕਿਸੇ ਨੂੰ ਖਰੀਦਦਾਰੀ, ਮਨੋਰੰਜਨ, ਫੈਸ਼ਨ ਅਤੇ ਖਾਣੇ ਦਾ ਸੰਪੂਰਨ ਮਿਸ਼ਰਣ ਪ੍ਰਦਾਨ ਕਰਦਾ ਹੈ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

**ਜਾਣਕਾਰੀ ਲਵੋ:**

- ਦੁਬਈ ਮਾਲ, 4 ਨਵੰਬਰ 2008 'ਚ ਲਗਭਗ 1000 ਮਸ਼ਹੂਰ ਰਿਟੇਲ ਸਟੋਰਾਂ ਨਾਲ ਪਬਲਿਕ ਲਈ ਖੋਲਿਆ ਗਿਆ ਸੀ।
- ਦ ਦੁਬਈ ਮਾਲ ਲਈ ਮਸ਼ਹੂਰ ਹੈ ਕਿ ਇੱਕੋ ਛੱਤ ਹੇਠ ਅੰਤਰਰਾਸ਼ਟਰੀ 'ਤੇ ਸਥਾਨਕ ਸਟੋਰਾਂ ਤੋਂ ਸ਼ਾਪਿੰਗ ਦੇ ਨਾਲ-ਨਾਲ ਹਰ ਕਿਸਮ ਦੇ ਕੈਫੇ ਅਤੇ ਰੇਸਤਰਾ, ਅਮਰੀਕੀ, ਬ੍ਰਿਟਿਸ਼, ਫ੍ਰੈਂਚ, ਚੀਨੀ, ਭਾਰਤੀ, ਅਤੇ ਮੱਧ ਪੂਰਵੀ ਪਕਵਾਨਾਂ ਦਾ, ਤੁਸੀਂ ਹਰ ਕਿਸਮ ਦਾ ਸੁਆਦ ਵੀ ਲੈ ਸਕਦੇ ਹੋ। ਮਾਲ ਅੰਦਰ ਮਸ਼ਹੂਰ ਬੇਕਰੀਆਂ ਦੇ ਸੁਆਦੀ ਸਨੈਕਸ ਦਾ ਅਨੰਦ ਲੈ ਸਕਦੇ ਹੋ। ਖਾਣ-ਪੀਣ ਦੇ ਸਥਾਨ, ਐਂਜਲੀਨਾ, ਈਟਾਲੀ, ਗੈਲਰੀਜ਼ ਲੇਫਾਈਟੀ ਲੀ ਗੋਰਮੇਟ (10 ਵੱਖ-ਵੱਖ ਕਿਚਨ ਦੇ ਸੁਆਦੀ ਪਕਵਾਨ) ਅਤੇ ਮੈਗਨੋਲੀਆ ਬੇਕਰੀ ਦੇ ਲਾਈਟ ਸਨੈਕਸ ਦਾ ਅਲੱਗ ਹੀ ਸੁਆਦ ਹੈ।
- ਦੁਬਈ ਮਾਲ 'ਚ ਪਾਰਕਿੰਗ ਦੀ ਕਦੇ ਵੀ ਮੁਸ਼ਕਲ ਨਹੀਂ ਆਉਂਦੀ, ਕਿਉਂ ਕਿ ਇੱਕੋ ਸਮੇਂ 'ਚ ਕਰੀਬਨ 14,000 ਕਾਰਾਂ ਪਾਰਕ ਹੋ ਸਕਦੀਆਂ ਹਨ।
- ਦੁਬਈ ਮਾਲ 'ਚ ਫ੍ਰੀ ਵਾਈਫਾਈ, ਮੋਬਾਈਲ ਚਾਰਜਿੰਗ ਸਟੇਸ਼ਨ ਅਤੇ ਏਟੀਐਮ ਉਪਲਬਧ ਹਨ।
- ਵਿਸ਼ਵ ਪ੍ਰਸਿੱਧ ਬ੍ਰਾਂਡਾਂ ਦੇ ਸਟੋਰ ਅਰਮਾਨੀ, ਚੈਨਲ, ਡਾਇਓਰ, ਡੋਲਸ ਐਂਡ ਗਬਾਨਾ, ਫੈਂਡੀ, ਗੁੱਕੀ, ਹਰਮੀਸ, ਰੈਲਫ ਲਾਰੇਨ, ਅਤੇ ਵਰਸੇਸ, ਫੈਸ਼ਨ ਐਵੇਨਿਊ ਵਿਖੇ ਆਪਣੇ ਨਵੇਂ-ਨਵੇਂ ਪ੍ਰਾਡਕਟ ਖਰੀਦੇ ਜਾ ਸਕਦੇ ਹਨ। ਦੁਬਈ ਮਾਲ ਅੰਦਰ ਇੱਕ ਸੁੰਦਰ ਝੱਰਨੇ ਨੇ ਮਨ ਨੂੰ ਮੋਹ ਲਿਆ। ਇਸ ਸਿੱਧੇ ਝਰਨੇ 'ਚ ਕੁੱਝ ਚਾਂਦੀ ਦੀਆਂ ਮੂਰਤੀਆਂ ਹਨ ਜੋ ਝਰਨੇ ਦੇ ਵਹਾਅ ਨਾਲ ਡੁਬਕੀ ਮਾਰਦੀਆਂ ਹਨ। ਇਹ ਕੈਚ ਹੈ, ਜੇ ਤੁਸੀਂ ਇੱਕ ਗੋਤਾਖੋਰ ਨੂੰ ਦੇਖਦੇ ਹੋ, ਤਾਂ ਬਾਕੀ ਅਲੋਪ ਹੋ ਜਾਂਦੇ ਹਨ। ਜਾਦੂਈ, ਠੀਕ ਹੈ? ਕੈਸਕੇਡ ਦੇ ਉਲਟ ਇੱਕ ਕੈਫੇ 'ਚ ਸੀਟ ਲੈ ਕੇ ਅਤੇ ਨਾ ਭੁੱਲਣ ਵਾਲਾ ਅਨੁਭਵ ਮਹਿਸੂਸ ਕਰ ਸਕਦੇ ਹੋ।
- ਦੁਬਈ ਮਾਲ ਓਲੰਪਿਕ ਆਕਾਰ ਦਾ ਇੱਕ ਆਈਸ ਰਿੰਕ- ਆਈਸ ਸਕੇਟਿੰਗ ਦੁਬਈ ਮਾਲ 'ਚ ਇੱਕ ਪ੍ਰਸਿੱਧ ਗਤੀਵਿਧੀ ਹੈ। ਜਦੋਂ ਦੁਬਈ 'ਚ ਆਈਸ ਰਿੰਕ ਦੀ ਗੱਲ ਆਉਂਦੀ ਹੈ, ਤਾਂ ਦੁਬਈ ਮਾਲ ਆਈਸ ਰਿੰਕ ਇਸਦੇ ਆਕਾਰ ਅਤੇ ਕੱਦ ਦੇ ਨਾਲ ਵੱਖਰਾ ਹੈ। ਇਹ ਆਈਸ ਰਿੰਕ, ਜੋ ਕਿ ਓਲੰਪਿਕ ਸਮਾਗਮਾਂ ਦੇ ਅਨੁਕੂਲ ਹੋਣ ਲਈ ਵੱਢਾ ਹੈ, ਇੱਕ ਬਰਫ ਦਾ ਬਿਸਤਰਾ ਹੈ ਜੋ 1.5 ਇੰਚ ਮੋਟਾ ਹੈ, ਜੋ ਕਿ ਐਨਏਚਐਲ ਮਾਪਦੰਡਾਂ ਤੋਂ ਵੱਧ ਹੈ। ਅਮੀਰਾਤ ਹਾਕੀ ਲੀਗ ਦੀਆਂ ਸਾਰੀਆਂ ਕਾਰਵਾਈਆਂ ਵੀ ਉਸੇ ਸਥਾਨ 'ਤੇ ਹੁੰਦੀਆਂ ਹਨ। ਇਸ ਮਾਲ ਅੰਦਰ ਇੱਕ ਗੋਲਡ ਏਟੀਐਮ ਵੀ ਹੈ ਜਿੱਥੇ ਗੋਲਡ ਬਾਰ, ਅਤੇ ਗੋਲਡ ਸਿੱਕੇ ਵੀ ਖਰੀਦ ਸਕਦੇ ਹੋ। ਦੁਬਈ ਮਾਲ ਘੁੱਮਣ ਦਾ ਇੱਕ ਅੱਲਗ ਹੀ ਨਜ਼ਾਰਾ ਸੀ।



## 'ਸਿੱਖ ਗੁਰਦੁਆਰਾ ਐਕਟ-1925' ਅਨੁਸਾਰ

## 'ਸਿੱਖ, ਅੰਮ੍ਰਿਤਧਾਰੀ, ਪਤਿਤ, ਸਹਿਜਧਾਰੀ,

# ਸਿੱਖ ਕੌਣ ਹੈ?




'ਸਿੱਖ' ਦਾ ਅਰਥ ਹੈ, ਉਹ ਵਿਅਕਤੀ, ਜੋ ਸਿੱਖ ਹੋਣ ਦਾ ਦਾਅਵਾ ਕਰਦਾ ਹੈ ਜਾਂ ਉਹ ਮ੍ਰਿਤਕ ਵਿਅਕਤੀ,ਜਿਸਨੇ ਆਪਣੇ ਜੀਵਨ ਕਾਲ ਦੌਰਾਨ ਸਿੱਖ ਹੋਣ ਦਾ ਦਾਅਵਾ ਕੀਤਾ ਜਾਂ ਸਿੱਖ ਵਜੋਂ ਜਾਣਿਆ ਜਾਂਦਾ ਸੀ।

ਜੇਕਰ ਕੋਈ ਸਵਾਲ ਪੈਦਾ ਹੁੰਦਾ ਹੈ, ਕੀ ਕੋਈ ਜੀਵਤ ਵਿਅਕਤੀ ਸਿੱਖ ਹੈ ਜਾਂ ਨਹੀਂ? ਤਾਂ ਉਸਦੇ ਸਿੱਖ ਹੋਣ ਜਾਂ ਨਾ ਹੋਣ ਨੂੰ ਇਸ ਤਰ੍ਹਾਂ ਸਮਿਝਆ ਜਾਵੇਗਾਕਿ ਉਹ ਆਪਣੇ ਆਪ ਨੂੰਸਿੱਖ ਮੰਨਦਾ ਹੈ ਜਾਂਸਿੱਖ ਹੋਣ ਤੋਂ ਇਨਕਾਰ ਕਰਦਾ ਹੈ।

'ਅੰਮ੍ਰਿਤਧਾਰੀ ਸਿੱਖ' ਦਾ ਅਰਥ ਹੈ ਅਤੇ ਹਰ ਉਹ ਵਿਅਕਤੀ, ਜਿਸਨੇ ਖੰਡੇ ਦਾ ਅੰਮ੍ਰਿਤ ਜਾਂ ਖੰਡੇ ਦੀ ਪਾਹੁਲ,ਸਿੱਖ ਸਿਧਾਂਤਾਂ ਅਨੁਸਾਰ 'ਪੰਜ ਪਿਆਰਿਆਂ' ਹੱਥੋਂ ਹੈ।

'ਪਤਿਤ' ਦਾ ਅਰਥ ਹੈ, ਉਹ ਵਿਅਕਤੀ, ਜੋ ਕੇਸਾਧਾਰੀ ਸਿੱਖ ਹੋਣ ਦੇ ਨਾਤੇ ਆਪਣੀ ਦਾੜ੍ਹੀ ਕੱਟਦਾ ਜਾਂ ਮੁੰਨਵਾਉਂਦਾ ਹੈ ਜਾਂ ਅੰਮ੍ਰਿਤ ਛਕਣ ਤੋਂ ਬਾਅਦ ਚਾਰਾਂ ਵਿੱਚੋਂ ਕੋਈ ਇੱਕ ਜਾਂ ਵੱਧ ਕੁਰਹਿਤਾਂ ਕਰਦਾ ਹੈ।

'ਸਹਿਜਧਾਰੀ ਸਿੱਖ' ਦਾ ਅਰਥ ਹੈ, ਉਹ ਵਿਅਕਤੀ; ਜੋ ਸਿੱਖ ਰੀਤਾਂ ਅਨੁਸਾਰ ਰਸਮਾਂ ਨਿਭਾਉਂਦਾ ਹੈ। ਜੋ ਕਿਸੇ ਵੀ ਰੂਪ ਵਿੱਚ ਤੰਬਾਕੂ ਜਾਂ ਕੁੱਠਾ (ਹਲਾਲ ਮੀਟ) ਦੀ ਵਰਤੋਂ ਨਹੀਂ ਕਰਦਾ। ਜੋ ਪਤਿਤ ਨਹੀਂ ਹੈ। ਜੋ ਮੂਲ ਮੰਤਰ ਦਾ ਜਾਪ ਕਰ ਸਕਦਾ ਹੈ।

(Sikh Gurwara Act-1925)

ਗੁਰਦੁਆਰਾ ਐਕਟ ਵਿੱਚ ਦਰਜ ਵੱਖ-ਵੱਖ ਵੰਨਗੀਆਂ ਦੇ ਸਿੱਖਾਂ ਦੀਆਂ ਪ੍ਰੀਭਾਸ਼ਾਵਾਂ ਦਾ ਆਧਾਰ ਵੀ ਕੀ ਹੈ, ਇਸ ਬਾਰੇ ਬਿਲਕੁਲ ਸਪੱਸ਼ਟਤਾ ਨਹੀਂ ਹੈ। ਜਿਸ ਤਰ੍ਹਾਂ ਉਸ ਸਮੇਂ ਦੇ ਮੋਹਰੀ ਸਿੱਖ ਲੀਡਰਾਂ ਨੇ ਅੰਗਰੇਜ਼ਾਂ ਨੂੰ ਦੱਸ ਦਿੱਤਾ, ਉਨ੍ਹਾਂ ਉਸੇ ਤਰ੍ਹਾਂ ਕਈ ਤਰ੍ਹਾਂ ਦੇ ਸਿੱਖਾਂ ਦੀਆਂ ਪ੍ਰੀਭਾਸ਼ਾਵਾਂ ਦਰਜ ਕਰ ਦਿੱਤੀਆਂ। ਜੇ ਸਿੱਖੀ ਦਾ ਆਧਾਰ 'ਗੁਰੂ ਮਾਨਿਓ ਗ੍ਰੰਥ' ਹੈ ਤਾਂ ਸਿੱਖ ਅਤੇ ਸਿੱਖੀ ਦੀ ਪ੍ਰੀਭਾਸ਼ਾ 'ਗੁਰੂ ਗ੍ਰੰਥ ਸਾਹਿਬ' ਵਿੱਚੋਂ ਹੀ ਨਿਕਲਣੀ ਚਾਹੀਦੀ ਸੀ। ਲਗਦਾ ਇਸ ਤਰ੍ਹਾਂ ਹੈ ਕਿ ਜਿਵੇਂ ਅੱਜ ਸਿੱਖ ਹਰ ਮਸਲੇ 'ਤੇ ਦੁਬਿਧਾ ਅਤੇ ਭੰਬਲਭੂਸੇ ਦਾ ਸ਼ਿਕਾਰ ਹਨ, 100 ਸਾਲ ਪਹਿਲਾਂ ਵੀ ਸਥਿਤੀ ਅਜਿਹੀ ਹੀ ਸੀ। ਸਿੱਖਾਂ ਨੇ ਗੁਰੂ ਗ੍ਰੰਥ ਮਾਨਿਓ ਗ੍ਰੰਥ ਇੱਕ ਨਾਹਰੇ ਦੇ ਤੌਰ 'ਤੇ ਤਾਂ ਜਰੂਰ ਅਪਨਾ ਲਿਆ, ਪਰ ਉਸਦੀ ਸਪਿਰਟ ਨੂੰ ਪਿਛਲੇ 300 ਸਾਲ ਦੇ ਇਤਿਹਾਸ ਵਿੱਚ ਕਦੇ ਵੀ ਅਪਨਾ ਨਹੀਂ ਸਕੇ, ਸਗੋਂ ਦਿਨੋ-ਦਿਨ ਦੂਰ ਹੀ ਹੁੰਦੇ ਗਏ ਹਨ। ਇਸੇ ਕਰਕੇ 100 ਸਾਲ ਪਹਿਲਾਂ 5-7 ਤਰ੍ਹਾਂ ਦੇ ਸਿੱਖ, ਹੁਣ 20-25 ਤਰ੍ਹਾਂ ਦੇ ਸਿੱਖ ਬਣ ਚੁੱਕੇ ਹਨ। ਹਰ ਇੱਕ ਦਾ ਜ਼ੋਰ ਦੂਜੇ ਨੂੰ 'ਤੂੰ ਸਿੱਖ ਨਹੀਂ ਹੈਂ' ਸਾਬਿਤ ਕਰਨ 'ਤੇ ਲੱਗਾ ਹੋਇਆ ਹੈ।

ਮੇਰੀ ਗੁਰਬਾਣੀ ਅਧਾਰਿਤ ਜਾਣਕਾਰੀ ਅਨੁਸਾਰ ਹਰ ਉਹ ਵਿਅਕਤੀ ਸਿੱਖ ਹੈ ਜਾਂ ਹੋ ਸਕਦਾ ਹੈ, ਜੋ ਆਪਣੇ ਆਪ ਨੂੰ ਸਿੱਖ ਕਹਾਉਂਦਾ ਹੈ ਜਾਂ ਕਹਾਉਣਾ ਚਾਹੁੰਦਾ ਹੈ। ਇਸੇ ਕਰਕੇ ਗੁਰੂ ਕਾਲ਼ ਜਾਂ ਬਾਅਦ ਵਿੱਚ ਵੀ 100 ਸਾਲ ਪਹਿਲਾਂ (ਸ਼੍ਰੋਮਣੀ ਕਮੇਟੀ ਬਣਨ) ਤੱਕ ਉਹ ਵਿਅਕਤੀ ਸਿੱਖ ਸੀ, ਜੋ ਆਪਣੇ ਆਪ ਨੂੰ ਗੁਰੂ ਦਾ ਸਿੱਖ ਕਹਾਉਂਦਾ ਸੀ। ਕਿਸੇ ਦੂਸਰੇ ਵਿਅਕਤੀ ਜਾਂ ਸੰਸਥਾ ਨੂੰ ਇਹ ਕਦੇ ਵੀ ਹੱਕ ਨਹੀਂ ਹੋ ਸਕਦਾ ਕਿ ਉਹ ਦੂਜੇ ਵਿਅਕਤੀ ਬਾਰੇ ਨਿਰਣਾ ਕਰੇ ਇਹ ਸਿੱਖ ਹੈ ਜਾਂ ਨਹੀਂ ਹੈ? ਤੁਸੀਂ ਸਿਰਫ ਆਪਣੇ ਬਾਰੇ ਹੀ ਫੈਸਲਾ ਲੈ ਸਕਦੇ ਹੋ ਕਿ ਤੁਸੀਂ ਸਿੱਖ ਹੋ ਜਾਂ ਨਹੀਂ? ਗੁਰੂ ਕਾਲ ਵਿੱਚ ਸੈਂਕੜੇ ਅਜਿਹੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਗੁਰੂ ਦੇ ਮੁਸਲਮਾਨ ਸਿੱਖ, ਗੁਰੂ ਦੇ ਹਿੰਦੂ ਸਿੱਖ, ਗੁਰੂ ਦੇ ਸੂਫੀ ਸਿੱਖ, ਗੁਰੂ ਦੇ ਸਿੰਧੀ ਸਿੱਖ ਆਦਿ। ਉਨ੍ਹਾਂ ਨੇ ਆਪਣਾ ਪੁਰਾਣਾ ਧਰਮ ਵੀ ਨਹੀਂ ਛੱਡਿਆ ਹੁੰਦਾ ਸੀ, ਤਾਂ ਵੀ ਉਹ ਸਿੱਖ ਕਹਾਉਂਦੇ ਸਨ।

ਪਰ ਸ਼੍ਰੋਮਣੀ ਕਮੇਟੀ ਬਣਨ ਤੋਂ ਬਾਅਦ ਗੁਰਦੁਆਰਿਆਂ 'ਤੇ ਕਬਜਿਆਂ ਦੀ ਲਾਲਸਾ ਅਧੀਨ, ਸਿੱਖ ਦੀ ਪ੍ਰੀਭਾਸ਼ਾ ਨੂੰ ਇੱਥੋਂ ਤੱਕ ਸੀਮਤ ਕਰ ਦਿੱਤਾ ਗਿਆ ਕਿ ਕ੍ਰੋੜਾਂ ਸਿੱਖ ਕਹਾਉਂਦੇ ਲੋਕ, ਵਿਅਕਤੀ ਦੀ ਬਾਹਰੀ ਦਿੱਖ ਜਾਂ ਪਹਿਰਾਵੇ ਦੇ ਨਾਮ ਹੇਠ ਬਾਹਰ ਧੱਕ ਦਿੱਤੇ ਗਏ। ਹੁਣ 1984 ਤੋਂ ਬਾਅਦ ਪਨਪੀ ਨਵੀਂ ਸਿੱਖੀ ਤਹਿਤ ਹੌਲੀ-ਹੌਲੀ ਸਿਰਫ 'ਅੰਮ੍ਰਿਤਧਾਰੀ' ਵਿਅਕਤੀ ਹੀ ਸਿੱਖ ਹੋਣੇ ਚਾਹੀਦੇ ਹਨ, ਬਾਕੀ ਸਭ ਨੂੰ ਬਾਹਰ ਧੱਕਿਆ ਜਾ ਰਿਹਾ ਹੈ। ਜਿਸਦਾ ਇੱਕ ਪਾਸੇ ਨਤੀਜਾ ਇਹ ਨਿਕਲ ਰਿਹਾ ਹੈ ਕਿ ਕੋਈ ਵੀ ਨਿੱਜੀ ਗਰਜਾਂ ਤੇ ਲਾਲਸਾਵਾਂ ਦਾ ਮਾਰਿਆ ਸਵਾਰਥੀ ਤੇ ਮੌਕਾਪ੍ਰਸਤ ਵਿਅਕਤੀ ਕਿਸੇ ਵੀ ਸਿੱਖ ਸੰਸਥਾ ਵਿੱਚ ਕਿਸੇ ਵੀ ਵੱਡੇ ਤੋਂ ਵੱਡੇ ਅਹੁਦੇ ਤੱਕ 'ਸਿਰਫ ਬਾਹਰੀ ਸਰੀਰਕ ਦਿੱਖ, ਪਹਿਰਾਵੇ ਤੇ ਕਕਾਰਾਂ ਆਸਰੇ' ਪਹੁੰਚ ਸਕਦਾ ਹੈ। ਦੂਜੇ ਪਾਸੇ ਇਸ ਨਾਲ਼ 'ਸਿੱਖੀ ਕਿਰਦਾਰ' ਸਿੱਖ ਸਮਾਜ ਵਿੱਚੋਂ ਅਲੋਪ ਹੋ ਰਿਹਾ ਹੈ?

ਵਿਦੇਸ਼ਾਂ ਵਿੱਚ ਵੀ ਕੁਝ ਧੜੇ ਗੁਰਦੁਆਰਿਆਂ 'ਤੇ ਕਬਜੇ ਲਈ ਇਸੇ ਹਥਿਆਰ ਨੂੰ ਵਰਤ ਰਹੇ ਹਨ। ਇਨ੍ਹਾਂ ਅਨੁਸਾਰ 'ਵੋਟ ਤੇ ਨੋਟ' ਲਈ ਹਰ ਵਿਅਕਤੀ ਸਿੱਖ ਹੈ, ਉਹ ਆਪਣੀਆਂ ਸਮਾਜਿਕ ਜਾਂ ਧਾਰਮਿਕ ਰੀਤਾਂ, ਰਸਮਾਂ ਗੁਰਦੁਆਰਿਆਂ ਵਿੱਚ ਨੀਯਤ ਫੀਸ ਦੇ ਕੇ ਕਰਾ ਸਕਦਾ ਹੈ, ਪਰ ਉਸਨੂੰ ਗੁਰਦੁਆਰਾ ਸਿਆਸਤ ਵਿੱਚ ਨਾ ਹਿੱਸਾ ਲੈਣ ਅਤੇ ਨਾ ਹੀ ਕੋਈ ਅਹੁਦਾ ਲੈਣ ਦਾ ਅਧਿਕਾਰੀ ਹੈ। ਇਹ ਸਾਰੇ ਹੱਕ ਸਿਰਫ ਅੰਮ੍ਰਿਤਧਾਰੀਆਂ ਲਈ ਰਾਖਵੇਂ ਹੋਣੇ ਚਾਹੀਦੇ ਹਨ। ਉਪਰਲੇ 'ਸਿੱਖ ਗੁਰਦੁਆਰਾ ਐਕਟ' ਵਿੱਚ ਵੀ ਅਕਾਲੀਆਂ ਨੇ ਆਪਣੇ ਆਪ ਨੂੰ ਪੰਥ ਦਾ ਵਾਹਿਦ ਵਾਰਿਸ ਪੇਸ਼ ਕਰਕੇ ਸਮੇਂ-ਸਮੇਂ ਆਪਣੇ ਹਿੱਤਾਂ ਅਨੁਸਾਰ ਮੌਕੇ ਦੀਆਂ ਸਰਕਾਰਾਂ ਨਾਲ਼ ਰਲ਼ ਕੇ ਕਈ ਫੇਰ ਬਦਲ ਕਰ ਲਏ ਹਨ। ਜਿਨ੍ਹਾਂ ਨੂੰ ਕਰਨ ਦਾ ਉਨ੍ਹਾਂ ਕੋਲ਼ ਕੋਈ ਅਧਿਕਾਰ ਨਹੀਂ ਸੀ? ਜਿਹੜੇ ਫੈਸਲੇ ਸਮੁੱਚੇ ਪੰਥ (ਪੰਥ ਦੀਆਂ ਨੁਮਇੰਦਾ ਸੰਸਥਾਵਾਂ) ਦੀ ਸਲਾਹ ਨਾਲ਼ ਹੋਣੇ ਚਾਹੀਦੇ ਸਨ, ਉਹ ਉਨ੍ਹਾਂ ਚੁੱਪ-ਚੁਪੀਤੇ ਕਰ ਲਏ ਹਨ। ਇੱਥੋਂ ਤੱਕ ਕਿ ਸਿੱਖ ਮਰਿਯਾਦਾ ਵਿੱਚ ਵੀ ਆਪਣੀ ਮਰਜੀ ਅਨੁਸਾਰ ਕਈ ਫੇਰ-ਬਦਲ ਕੀਤੇ ਗਏ ਹਨ।

ਪਿਛਲੇ ਸਮੇਂ ਵਿੱਚ ਅਕਾਲੀਆਂ ਨੇ ਭਾਜਪਾ ਦੀ ਮੱਦਦ ਨਾਲ਼ 'ਸਹਿਜਧਾਰੀ' ਦੇ ਨਾਮ ਹੇਠ ਬਹੁ-ਗਿਣਤੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਵੋਟ ਪਾਉਣ ਦੇ ਅਧਿਕਾਰਾਂ ਤੋਂ ਵੀ ਵਾਂਝੇ ਕਰ ਦਿੱਤਾ ਸੀ। ਜਦਕਿ ਬਦਲੇ ਹਾਲਾਤਾਂ ਅਨੁਸਾਰ ਘੱਟੋ-ਘੱਟ ਸਿੱਖਾਂ ਦੇ ਘਰ ਜਨਮੇ ਬੱਚਿਆਂ ਨੂੰ ਤਾਂ ਸਿੱਖ ਰਹਿਣ ਦਾ ਅਧਿਕਾਰ ਹੋਣਾ ਚਾਹੀਦਾ ਸੀ, ਜੋ ਕਿ ਉਨ੍ਹਾਂ ਤੋਂ ਸਰੀਰਕ ਦਿੱਖ ਦੇ ਅਧਾਰ 'ਤੇ ਖੋਹਿਆ ਜਾ ਰਿਹਾ ਹੈ।

ਜੇ ਆਮ ਸਿੱਖਾਂ ਨੇ ਗੁਰੂਆਂ ਦੇ ਸਿੱਖ ਰਹਿਣਾ ਹੈ ਤਾਂ ਉਨ੍ਹਾਂ ਨੂੰ ਆਪਣੇ ਹਿੱਤਾਂ ਅਨੁਸਾਰ ਸੰਘਰਸ਼ ਕਰਨਾ ਪਵੇਗਾ? ਜੇ ਉਹ ਅਜੇ ਸਿਰਫ ਇਤਨਾ ਹੀ ਕਰਨ ਕਿ ਇਨ੍ਹਾਂ ਦੀ 'ਵੋਟ ਤੇ ਨੋਟ' ਦੀ ਰਾਜਨੀਤੀ ਦਾ ਬਾਈਕਾਟ ਕਰ ਦੇਣ ਤਾਂ ਦੇਸ਼-ਵਿਦੇਸ਼ ਵਿੱਚ ਬਹੁਤ ਕੁਝ ਬਦਲ ਸਕਦਾ ਹੈ?



ਹਰਚਰਨ ਸਿੰਘ ਪ੍ਰਹਾਰ

## ਸਮਾਂ ਬਦਲਿਆ,

## ਪਰ ਸਕੂਲ ਦੀਆਂ ਯਾਦਾਂ ਨਹੀਂ




ਜਿਵੇਂ ਹੀ ਮੈਂ ਸਕੂਲ ਦੇ ਅੰਦਰ ਕਦਮ ਰੱਖਿਆ, ਮੈਨੂੰ ਉਹ ਪੁਰਾਣੇ ਦਿਨ ਯਾਦ ਆ ਗਏ ਜਦੋਂ ਮੈਂ ਵੀ ਹਰ ਸਵੇਰ ਸਕੂਲੀ ਬੈਗ ਮੋਢੇ 'ਤੇ ਟੰਗ ਕੇ ਮਸਤੀ ਦੀਆਂ ਲਹਿਰਾਂ ਵਿੱਚ ਇੱਥੇ ਆਉਂਦਾ ਸੀ।

ਉਹ ਦਿਨ ਮੇਰੇ ਲਈ ਬੇਹੱਦ ਖ਼ਾਸ ਰਿਹਾ, ਜਦੋਂ ਮੈਨੂੰ 30 ਸਾਲਾਂ ਬਾਅਦ ਆਪਣੇ ਸਕੂਲ ਦੇ ਦਰਵਾਜ਼ਿਆਂ ਵਿੱਚੋਂ ਲੰਘਣ ਦਾ ਮੌਕਾ ਮਿਲਿਆ। ਜਿੱਥੇ ਦੀ ਵਾਪਸੀ ਮੇਰੇ ਲਈ ਇੱਕ ਯਾਤਰਾ ਵਰਗਾ ਅਹਿਸਾਸ ਸੀ, ਸਕੂਲ ਦਾ ਹਰ ਕੋਨਾ ਮੇਰੇ ਬਚਪਨ ਦੀਆਂ ਮਿੱਠੀਆਂ ਯਾਦਾਂ ਨਾਲ ਜੁੜਿਆ ਹੋਇਆ ਸੀ। ਮੇਰਾ ਸਕੂਲ ਜਲੰਧਰ ਸ਼ਹਿਰ ਦੇ ਮੋਡਲ ਰੋੜ ਤੇ ਸਥਿੱਤ ਦੇਵੀ ਸਹਾਏ ਸਨਾਤਨ ਧਰਮ ਸੀਨੀਅਰ ਸੈਕੰਡਰੀ ਸਕੂਲ, ਜਿਸ ਨੂੰ ਅਸੀਂ ਲਾਈਨਾਂ ਵਾਲਾ ਸਕੂਲ ਵੀ ਕਹਿੰਦੇ ਸੀ। ਉਹ ਇਸ ਲਈ, ਸਕੂਲ ਦੇ ਨਾਲ ਹੀ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਰੂਟ ਦੀਆਂ ਰੇਲਵੇ ਲਾਈਨਾਂ ਸਨ। ਜਿਵੇਂ ਹੀ ਮੈਂ ਸਕੂਲ ਦੇ ਅੰਦਰ ਕਦਮ ਰੱਖਿਆ, ਮੈਨੂੰ ਉਹ ਪੁਰਾਣੇ ਦਿਨ ਯਾਦ ਆ ਗਏ ਜਦੋਂ ਮੈਂ ਵੀ ਹਰ ਸਵੇਰ ਸਕੂਲੀ ਬੈਗ ਮੋਢੇ 'ਤੇ ਟੰਗ ਕੇ ਮਸਤੀ ਦੀਆਂ ਲਹਿਰਾਂ ਵਿੱਚ ਇੱਥੇ ਆਉਂਦਾ ਸੀ।

ਸਕੂਲ ਵਿੱਚ ਕਦਮ ਰੱਖਣ ਨਾਲ, ਮੇਰੀਆਂ ਅੱਖਾਂ ਵਿੱਚ ਉਹ ਦਿਨ ਵਾਪਸ ਜੀ ਉੱਠੇ ਜਦੋਂ ਦੋਸਤਾਂ ਨਾਲ ਹਾਸੇ-ਮਜ਼ਾਕ, ਸ਼ਰਾਰਤਾਂ,ਹੱਸਦੇ,ਖੇਡਦੇ,ਅਤੇ ਬੇਫਿਕਰਾਂ ਦੀ ਤਰ੍ਹਾਂ ਜ਼ਿੰਦਗ਼ੀ ਦੇ ਹਰੇਕ ਪਲ ਦਾ ਆਨੰਦ ਮਾਣਦੇ ਸੀ, ਚਾਹੇ ਉਹ ਸਕੂਲ ਤੋਂ ਇੱਕਠੀਆਂ ਛੁੱਟੀ ਕਰਨ ਦਾ ਹੋਵੇ ਜਾਂ ਫੇਰ ਟੀਚਰ ਕੋਲੋ ਇੱਕਠੀਆਂ ਹੀ ਝਿੜਕਾਂ ਖਾਣ ਦਾ ਹੋਵੇ।

ਅਧਿਆਪਕਾਂ ਨਾਲ ਸਾਡੇ ਰਿਸ਼ਤੇ ਵੀ ਬੇਹੱਦ ਮਿੱਠੇ ਸਨ। ਕੁੱਟ ਵੀ ਪੈਂਦੀ ਸੀ, ਪਰ ਉਹ ਸਿਰਫ ਸਾਨੂੰ ਸੰਵਾਰਨ ਲਈ ਹੁੰਦੀ ਸੀ। ਅੱਜ ਦੇ ਵਿਦਿਆਰਥੀਆਂ ਵਾਂਗ ਅਸੀਂ ਕਦੇ ਮਾਸਟਰਾਂ ਨਾਲ ਦਿਲੋ ਦੂਰੀ ਨਹੀਂ ਬਣਾਉਂਦੇ ਸੀ, ਕਿਉਂਕਿ ਸਾਡੇ ਦਿਲਾਂ ਵਿੱਚ ਉਨ੍ਹਾਂ ਦੇ ਲਈ ਬੇਹੱਦ ਆਦਰ ਅਤੇ ਸਤਿਕਾਰ ਸੀ। ਮਾਸਟਰਾਂ ਦੀ ਸਖ਼ਤੀ ਵਿੱਚ ਵੀ ਪਿਆਰ ਸੀ, ਜੋ ਅਸੀਂ ਅਜਿਹੇ ਵੇਲੇ ਮਹਿਸੂਸ ਕਰਦੇ ਹਾਂ ਜਦੋਂ ਉਹ ਪਿਆਰ ਤਸੱਲੀ ਦੇ ਰੂਪ ਵਿੱਚ ਸਾਡੇ ਅੰਦਰ ਵਸ ਜਾਂਦਾ ਹੈ।

ਇਹ ਸਭ ਯਾਦਾਂ ਓਦੋਂ ਵਾਪਸ ਆਈਆਂ ਜਦੋਂ ਮੈਂ ਉਹਨਾਂ ਕਮਰਿਆਂ ਵਿੱਚ ਕਦਮ ਰੱਖਿਆ, ਜਿੱਥੇ ਕਦੇ ਸਿੱਖਿਆ ਪ੍ਰਾਪਤ ਕੀਤੀ ਸੀ। ਮੈਨੂੰ ਆਪਣੇ ਅਧਿਆਪਕ, ਜਿਵੇਂ ਜੋਸ਼ੀ ਸਰ, ਗਿਆਨ ਚੰਦ ਸਰ, ਸ਼ਾਸਤਰੀ ਸਰ , ਚੌਧਰੀ ਸਰ, ਸੋਮਰਾਜ ਸਰ, ਵਿਮੱਲ ਦੇਵ ਸਰ, ਚਮਨ ਲਾਲ ਸਰ, ਰਾਜ ਕਿਸ਼ੋਰ ਸਰ, ਅਪੋਲੋ ਸਰ, ਰੰਧਾਵਾ ਸਰ, ਪੀ.ਟੀ ਸਰ ਤੋਂ ਇਲਾਵਾ ਸੀਮਾ, ਅਨੀਤਾ, ਸ਼ੀਲਾ, ਸ਼ਕੁੰਤਲਾ ਅਤੇ ਬਿਮਲਾ ਮੈਡਮ, ਦੀਆਂ ਕਹੀਆਂ ਗੱਲਾਂ ਅਤੇ ਸਿੱਖਿਆ ਦੇ ਅਨਮੋਲ ਮੋਤੀ ਇੱਕ ਵਾਰ ਫੇਰ ਯਾਦ ਆਏ। ਉਹ ਸਾਨੂੰ ਸਿਰਫ ਕਿਤਾਬੀ ਗਿਆਨ ਨਹੀਂ ਦਿੰਦੇ ਸਨ, ਬਲਕਿ ਜਿੰਦਗੀ ਦੀਆਂ ਬੇਸ਼ਕੀਮਤੀ ਸਿਖਲਾਈਆਂ ਵੀ ਦਿੰਦੇ ਸਨ। ਇਹ ਉਹ ਪਾਤਰ ਸਨ, ਜਿਨ੍ਹਾਂ ਨੇ ਸਾਡੇ ਚਰਿੱਤਰ 'ਚ ਨਿਖਾਰ ਲਿਆਂਦਾ ਅਤੇ ਸਾਨੂੰ ਸਹੀ ਦਿਸ਼ਾ ਵੱਲ ਤੋਰਿਆ।

ਸਕੂਲ ਦੀਆਂ ਯਾਦਾਂ ਵਿੱਚ ਅਸੀਂ ਕੰਟੀਨ ਵਿੱਚੋਂ ਖਾਦੀਆਂ ਗਈਆਂ ਪਰਦੇਸੀ ਦੀਆਂ ਬੰਦ ਟਿੱਕੀਆਂ ਅਤੇ ਗਚਕ ਨੂੰ ਕਿਵੇਂ ਭੁੱਲ ਸਕਦੇ ਹਾਂ। ਉਹ ਖਾਸ ਸਵਾਦ, ਜੋ ਅੱਜ ਵੀ ਦਿਲ ਵਿੱਚ ਵੱਸਿਆ ਹੋਇਆ ਹੈ, ਦੁਬਾਰਾ ਕਦੇ ਵੀ ਨਹੀਂ ਮਿਲਿਆ। ਉਹ ਦਿਨ ਸਾਨੂੰ ਸਿੱਖਾਉਂਦੇ ਸਨ ਕਿ ਛੋਟੀਆਂ ਛੋਟੀਆਂ ਖੁਸ਼ੀਆਂ ਲਈ ਕਿਸੇ ਵੱਡੀ ਦੌਲਤ ਦੀ ਲੋੜ ਨਹੀਂ ਹੁੰਦੀ।

ਸਕੂਲ ਸਿਰਫ਼ ਪੜ੍ਹਨ ਦੀ ਜਗ੍ਹਾ ਹੀ ਨਹੀਂ ਸੀ, ਇਹ ਸਾਨੂੰ ਜਿੰਦਗੀ ਦੇ ਸੱਚੇ ਸਬਕ ਨੂੰ ਸਿੱਖਾਉਣ ਵਾਲਾ ਇੱਕ ਮੰਦਿਰ ਵੀ ਸੀ। ਜਿਥੇ ਸਾਨੂੰ ਦੋਸਤਾਂ ਦੀ ਅਸਲ ਪਛਾਣ, ਅਧਿਆਪਕਾਂ ਦੀ ਇੱਜ਼ਤ ਕਰਨੀ ਅਤੇ ਇਕ ਆਦਰਸ਼ ਮਨੁੱਖ ਬਣਨ ਦਾ ਰਸਤਾ ਸਮਝਾਇਆ ਗਿਆ। ਅੱਜ, ਜਦੋਂ ਮੈਂ ਉਸ ਜਗ੍ਹਾ 'ਤੇ ਮੁੜ ਗਿਆ, ਮੈਂ ਮਹਿਸੂਸ ਕੀਤਾ ਕਿ ਇਹ ਸਿਰਫ ਮੇਰੀ ਪਛਾਣ ਦੀ ਹੀ ਜਗ੍ਹਾ ਨਹੀਂ, ਬਲਕਿ ਜਿੰਦਗੀ ਦੇ ਅਸਲੀ ਸਬਕਾਂ ਦੀ ਅਹਿਮੀਅਤ ਸਮਝਾਉਣ ਵਾਲਾ ਕੇਂਦਰ ਬਿੰਦੂ ਵੀ ਸੀ।

ਜਿਵੇਂ ਜਿਵੇਂ ਮੈਂ ਇੱਥੇ ਅੱਗੇ ਵਧਦਾ ਗਿਆ, ਹਰ ਕੋਨਾ, ਹਰ ਕਮਰਾ, ਹਰ ਜਗ੍ਹਾ ਇੱਕ ਪੁਰਾਣੀ ਕਹਾਣੀ ਦੱਸਦਾ ਰਿਹਾ। ਇਹ ਉਹ ਯਾਦਾਂ ਸਨ ਜਿੰਨ੍ਹਾ ਨੂੰ ਮੈ ਵਿਰਾਸਤ ਵਾਂਗੂ ਸਾਂਭੀ ਬੈਠਾ ਸੀ।

ਸਮੇਂ ਦੀ ਪਕੜ ਵਿੱਚ, ਅਸੀਂ ਅਕਸਰ ਇਹ ਨਹੀਂ ਸਮਝਦੇ ਕਿ ਜਿਹੜਾ ਵਕਤ ਅਸੀਂ ਬਿਤਾ ਰਹੇ ਹਾਂ, ਉਹ ਅਸਲ ਵਿੱਚ ਕਿੰਨਾ ਖਾਸ ਹੈ। ਜਦੋਂ ਉਹ ਦੌਰ ਚਲਾ ਜਾਂਦਾ ਹੈ, ਤਦ ਉਹ ਪਲ ਸੋਨੇ ਵਰਗਾ ਕੀਮਤੀ ਲੱਗਦਾ ਹੈ ਪਰ ਨਾ ਤੇ ਉਹ ਦਿਨ ਵਾਪਿਸ ਆਉਂਦੇ ਹਨ, ਨਾ ਹੀ ਸਾਨੂੰ ਉਹ ਅਧਿਆਪਕ ਮਿਲਦੇ ਹਨ ਅਤੇ ਨਾ ਹੀ ਉਹ ਮਿੱਤਰ ਪਿਆਰੇ। ਜਿੰਨ੍ਹਾਂ ਦੀ ਭੂਮਿਕਾ ਸਾਡੀ ਜ਼ਿੰਦਗ਼ੀ 'ਚ ਬਹੁਤ ਵੱਡੀ ਹੁੰਦੀ ਹੈ। ਸਕੂਲ ਦੇ ਪੁਸਤਕ ਘਰ 'ਚ ਖੜਾ ਮੈਂ ਆਪਣੇ ਬੀਤੇ ਦਿਨਾਂ ਨੂੰ ਯਾਦ ਕਰਦੇ ਹੋਏ ਸੋਚ ਰਿਹਾ ਸੀ, ਕਾਸ਼! ਉਹ ਦਿਨ ਇੱਕ ਵਾਰ ਫੇਰ ਮੁੜ ਆਉਣ।



ਬਲਦੇਵ ਸਿੰਘ ਬੇਦੀ
ਜਲੰਧਰ
9041925181







